
# ਅੰਮ੍ਰਿਤ ਕੀਰਤਨ

Posting Date
01 ਨਵੰਬਰ 2014



## ਐ ਗੁਰੂ ਨਾਨਕ

ਐ ਗੁਰੂ ਨਾਨਕ, ਮਿਹਰ ਤੇਰੀ ਹੋਵੇ,
ਮਰਦਾਨੇ ਤੇਰੇ ਦੀ ਮੈਂ ਹੋਵਾਂ ਰਬਾਬ;
ਜਿੱਥੇ ਤੂੰ ਜਾਏਂ, ਮੈਂ ਨਾਲ ਹੋਵਾਂ,
ਇਸ਼ਾਰੇ ਤੇਰੇ ਦੀ ਰਵ੍ਹਾਂ ਤਾਬ;
ਐ ਗੁਰੂ ਨਾਨਕ, ਮਿਹਰ ਤੇਰੀ ਹੋਵੇ,
ਮਰਦਾਨੇ ਤੇਰੇ ਦੀ ਮੈਂ ਹੋਵਾਂ ਰਬਾਬ॥

ਧੁਰ ਕੀ ਬਾਣੀ ਤੇਰੇ ਬੁੱਲ੍ਹਾਂ ਤੇ ਆਵੇ,
ਛੇੜੇ ਹਰ ਤਾਰ ਮੇਰੀ,
ਹੋਵਾਂ ਮੈਂ ਗੱਦਗੱਦ ਬੇ-ਹਿਸਾਬ
ਮਰਦਾਨੇ ਤੇਰੇ ਦੀ ਮੈਂ ਹੋਵਾਂ ਰਬਾਬ ॥

ਜੈਸੀ ਤੈਂ ਆਵੈ ਖਸਮ ਕੀ ਬਾਣੀ,
ਤੈਸੜਾ ਕਰੇਂ ਤੂੰ ਗਿਆਨ;
ਮੇਰਾ ਹਰ ਵੇਲੇ ਵੱਲ ਤੇਰੇ ਧਿਆਨ;
ਮੈਂ ਛੋਹ ਮਰਦਾਨੇ ਦੀ ਨੂੰ ਹੋਵਾਂ ਬੇਤਾਬ;
ਮਰਦਾਨੇ ਤੇਰੇ ਦੀ ਮੈਂ ਹੋਵਾਂ ਰਬਾਬ ॥

ਧੁੰਨ ਰੱਬੀ ਬਾਣੀ ਦੀ ਜਦ ਤੂੰ ਲਾਂਵੇਂ,
ਧੜਕਣ ਤੂੰਬੇ ਮੇਰੇ ਦੀ ਵਧਾਵੇਂ,
ਮੇਰਾ ਨਾਦ ਬਣ ਜਾਏ ਬਿਸਮਾਦ;
ਮਰਦਾਨੇ ਤੇਰੇ ਦੀ ਮੈਂ ਹੋਵਾਂ ਰਬਾਬ ॥


ਕੁਝ ਤਾਰਾਂ, ਇਕ ਤੂੰਬਾ ਤੇ ਇਕ ਖੋਲ,
ਮਰਦਾਨੇ ਸਜਾਇਆ ਮੇਰਾ ਵਜੂਦ,
ਤੇਰੀ ਬਾਣੀ ਕੀਤਾ ਅਮਰ, ਮੈਨੂੰ ਪਾਕਮਪਾਕ;
ਮਰਦਾਨੇ ਤੇਰੇ ਦੀ ਮੈਂ ਹੋਵਾਂ ਰਬਾਬ॥

ਐ ਗੁਰੂ ਨਾਨਕ, ਮਿਹਰ ਤੇਰੀ ਹੋਵੇ,
ਮਰਦਾਨੇ ਤੇਰੇ ਦੀ "ਤੇਜ" ਹੋਵੇ ਰਬਾਬ;
ਜਿੱਥੇ ਤੂੰ ਜਾਏਂ, "ਤੇਜ" ਨਾਲ ਹੋਵੇ,
ਇਸ਼ਾਰੇ ਤੇਰੇ ਦੀ ਰਵ੍ਹੇ ਤਾਬ॥
ਮਰਦਾਨੇ ਤੇਰੇ ਦੀ ਮੈਂ ਹੋਵਾਂ ਰਬਾਬ॥

**Dr. Tej Pal Singh Chawla, M:+91-0935 666 8888**

**ਆਨਰੇਰੀ ਸੰਪਾਦਕ**
**ਡਾ. ਜਾਗੀਰ ਸਿੰਘ**

ਮੁੱਲ 15/-



# ਪੈਂਤੀ ਅੱਖਰੀ–ਕਾਫ਼ੀਆਂ

## ੜ

ੜਾੜਾ ੜਾੜ ਮਿਟਾ ਲੈ ਬੰਦੇ,
ਪ੍ਰੇਮ ਪ੍ਰਭੂ ਮਿਲਵਾਂਦਾ ਹੂ।

ੜਾੜ ਦਾ ਮਾਰਗ ਨਰਕ ਪੁਚਾਵੇ,
ਪਿਆਰ ਸੁਰਗ ਲੈ ਜਾਂਦਾ ਹੂ।

ਝੇੜੇ ਝਗੜੇ ਭੁੱਲ ਕੇ ਹੁਣ ਤੂੰ
ਪ੍ਰੇਮ ਵਾੜੀ ਖਿੜਵਾਂਦਾ ਹੂ।

ਇਹੋ ਰਾਹ ਸੰਤੋਖ ਐ ਬੰਦੇ,
ਜੀਵਨ–ਮੁਕਤ ਕਰਾਂਦਾ ਹੂ।

**ਪੁਸਤਕ –ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

**ਸੰਪਾਦਕ (ਆਨਰੇਰੀ)**
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

**ਸਹਿਯੋਗੀ**
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

**ਆਨਰੇਰੀ ਸਲਾਹਕਾਰ**
**ਸ: ਹਰਚੰਦਨ ਸਿੰਘ**


▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
ਜੀਵਨ ਮੈਂਬਰ 1500 ਰੁ.

▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੋਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


# ਇਸ ਅੰਕ ਵਿਚ


ਕਰਉ ਬੇਨੰਤੀਆ-ਮੇਰਾ ਹਲਫੀਆ ਬਿਆਨ 5

ਗੁਰਮਤਿ ਸੰਗੀਤ ਵਿਚ ਰਾਗ ਧਨਾਸਰੀ
ਡਾ. ਗੁਰਨਾਮ ਸਿੰਘ 7

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭੱਟਾਂ ਦਾ ਯੋਗਦਾਨ
ਡਾ. ਜਤਿੰਦਰ ਕੌਰ 10

Author and Musician Raja Mrigendra Singh: 1929 - 2014
Dr. Bhai Harbans Lal 14

ਗੁਰਮਤਿ ਸੰਗੀਤ ਵਿੱਚ ਤਬਲੇ ਦਾ ਸਥਾਨ
ਇਕਵਾਕ ਸਿੰਘ ਪੱਟੀ 17

ਗੁਰਬਾਣੀ ਲਈ ਕੰਪਿਊਟਰ ਦਾ ਪ੍ਰਯੋਗ
ਡਾ. ਸੋਨਦੀਪ ਮੋਂਗਾ 20

ਗੁਰੂ ਨਾਨਕ ਦੇਵ ਤੇ ਸੰਗੀਤ : ਇਤਿਹਾਸ ਪਰਿਪੇਖ
ਡਾ. ਜਾਗੀਰ ਸਿੰਘ 24

ਸੁਰ ਲਿਪੀ 25

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ 26


## ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

## ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

**ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ**

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

# ✉ ਮਿਤ੍ਰ ਅਸਾਡੜੇ ਸੇਈ

ਅੰਮ੍ਰਿਤ ਕੀਰਤਨ ਪ੍ਰਤਿਕਾ ਰਾਹੀਂ ਆਪ ਗੁਰਮਤਿ ਕੀਰਤਨ ਪ੍ਰਚਾਰ ਦੇ ਯੋਗ ਵਿਚ ਜਿਸ ਤਨਦੇਹੀ ਨਾਲ ਜੁੜੇ ਹੋਏ ਹੋ ਉਹ ਸ਼ਾਬਦਿਕ ਉਪਮਾ ਤੋਂ ਪਰੇ ਹੈ। ਅਸੀਂ ਪਾਠਕ ਇਸ ਸਮੇਂ ਦੇ ਪ੍ਰਬੰਧਕੀ ਨਿਜ਼ਾਮ ਅੱਗੇ ਸਭ ਬਾਰ ਬਾਰ ਬੇਨਤੀ ਹੀ ਕਰ ਸਕਦੇ ਹਾਂ ਕਿ ਟੀ. ਵੀ. ਵਿਚ ਪ੍ਰਸਾਰਣ ਸਮੇਂ ਗੁਰਧਾਮਾਂ ਵਿਚ ਕੇਵਲ ਤੇ ਕੇਵਲ ਗੁਰਮਤਿ ਸੰਗੀਤ ਰੀਤ ਦਾ ਕੀਰਤਨ ਹੀ ਸੁਣਨ ਨੂੰ ਮਿਲੇ। ਇਸ ਸ਼ੁਰੂਆਤ ਨਾਲ ਹੀ ਅਸੀਂ ਉਸ ਗੁਰਮਤਿ ਮੁਕਾਮ ਵੱਲ ਕਦਮ ਵਧਾ ਸਕਦੇ ਹਾਂ ਜਿਸ ਤੋਂ ਪਿਛਲੇ ਦੋ ਦਹਾਕਿਆਂ ਵਿਚ ਅਸੀਂ ਹੇਠਾਂ ਨੂੰ ਫਿਸਲਦੇ ਆ ਰਹੇ ਹਾਂ। ਸਾਡੇ ਕੀਰਤਨੀਏ ਗੁਰਮਤਿ ਸੰਗੀਤ ਵਿਚ ਸਮਰੱਥ ਹੋਣ ਲਈ ਘੱਟ ਉਤਸ਼ਾਹੀ ਹਨ ਪਰ ਨੌਕਰੀ ਸ਼ਰਤਾਂ ਅਤੇ ਤਰੱਕੀ ਸ਼ਰਤਾਂ ਨਾਲ ਉਹਨਾਂ ਨੂੰ ਪ੍ਰੇਰਤ ਕਰਨਾ ਸਮੇਂ ਦੀ ਮੰਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹਾਜ਼ਰ ਹਜ਼ੂਰ ਪੋਥੀ ਪਰਮੇਸ਼ਰ ਕਾ ਥਾਨੁ ਮੰਨ ਕੇ ਸਾਡੀ ਅਰਾਧਨਾ ਲਈ ਇਸ ਰਾਗ ਸੰਗੀਤ ਰੂਪ ਸ਼ਬਦ ਗੁਰੂ ਦੇਵ ਸਤਿਕਾਰ ਦੀ ਕੀਰਤਨ ਮਰਯਾਦਾ ਬਹਾਲ ਕਰਨੀ ਜ਼ਰੂਰੀ ਹੈ। ਹਰਿਮੰਦਰ ਸਾਹਿਬ ਤੋਂ ਬਗੈਰ ਗੁਰੂ ਧਾਮਾਂ ਵਿਚ ਗੁਰੂ ਮਾਨਿਯੋ ਗ੍ਰੰਥ ਅੱਗੇ ਕੱਚੀ ਬਾਣੀ ਗਾਇਨ ਕਰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਿਧਰ ਲੈ ਜਾਂਦਾ ਹੈ? ਜਪੁਜੀ ਸਾਹਿਬ ਦਾ ਪਾਠ ਵੀ ਹੌਲੀ ਕਰਨ ਦੀ ਪਰੰਪਰਾ ਦੇਖੀ ਹੈ ਅੱਜ ਕਲ ਇਸ ਮੂਲ ਬਾਣੀ ਦੀਆਂ ਪਉੜੀਆਂ ਦਾ ਕੀਰਤਨ ਬੇਝਿਜਕ ਹੋ ਰਿਹਾ ਹੈ। ਗੁਰਬਾਣੀ ਕੀਰਤਨ ਦੀ ਸਾਡੇ ਕੋਲ ਹਜ਼ਾਰਾਂ ਸ਼ਬਦਾਂ ਦਾ ਭੰਡਾਰ ਹੈ। ਫੇਰ ਇਸ ਤਰ੍ਹਾਂ ਪਰੰਪਰਾਗਤ ਮਰਯਾਦਾ ਤੋੜਨ ਵਿਚ ਕਿਹੜੀ ਗੁਰਮਤ ਹੈ? ਕੀਰਤਨੀਏ ਸ਼ਬਦ ਕੰਠ ਕਰਨ ਦਾ ਅਭਿਆਸ ਕਰਕੇ ਰਾਜ਼ੀ ਨਹੀਂ। ਗੁਰਮਤਿ ਸੰਗੀਤ ਸਿੱਖ ਕੇ ਰਾਜ਼ੀ ਨਹੀਂ ਫੇਰ ਗੁਰੂ ਅੱਗੇ ਕੀ ਸਾਧਨਾ ਕਰਨਾ ਚਾਹੁੰਦੇ ਹਨ। ਅੱਜਕੱਲ ਵਾਹਿਗੁਰੂ-ਵਾਹਿਗੁਰੂ ਜਾਂ ਸਤਿਨਾਮ ਵਾਹਿਗੁਰੂ ਦਾ ਗਾਇਨ ਵਧਦਾ ਜਾ ਰਿਹਾ ਹੈ। ਗੁਰੂ ਮੰਤਰ ਗੁਪਤ ਹੁੰਦਾ ਹੈ ਤੇ ਗੁਪਤ ਜਪ ਕਰਦੇ ਸਮੇਂ ਰਸਨਾ ਵਰਤ ਕੇ ਆਵਾਜ਼ ਬਾਹਰ ਨਹੀਂ ਆਉਣੀ ਚਾਹੀਦੀ। ਧਰਤੀ ਵਿਚ ਦੱਬਿਆ ਬੀਜ ਹੀ ਉਗਦਾ ਹੈ ਬਾਹਰ ਪਏ ਬੀਜ ਨੂੰ ਚਿੜੀਆਂ ਚੁੱਗ ਲੈਂਦੀਆਂ ਹਨ ਜਾਂ ਕੀੜੇ ਖਾ ਲੈਂਦੇ ਹਨ। ਅਜਿਹਾ ਸਿਮਰਨ ਕਰਾਉਣ ਦਾ ਅਧਿਕਾਰ ਕਿਸ ਤੋਂ ਲੈਂਦੇ ਹਨ। ਆਪ ਤਾਂ ਸਥੂਲਤਾ ਤੋਂ ਸੂਖਮਤਾ ਵਿਚ ਪਹੁੰਚਣ ਲਈ ਸ਼ਬਦ ਕੀਰਤਨ ਦੇ ਰਾਜ ਮਾਰਗ ਤੇ ਚਲੋ। ਫੇਰ ਸਰੋਤੇ ਆਪਣੇ ਆਪ ਸਿਮਰਨ ਸੁੱਖ ਲੈ ਲੈਣਗੇ। ਇਹ ਸਿਮਰਨ ਪ੍ਰਦਰਸ਼ਨ ਗੁਰਮਤਿ ਪਰੰਪਰਾ ਨਾਲ ਮੇਲ ਨਹੀਂ ਖਾਂਦਾ।

ਕਰਤਾਰ ਸਿੰਘ ਨੀਲਧਾਰੀ, 162 ਏ, ਗ੍ਰੇਨ ਮਾਰਕੀਟ, ਮਧਿਅਮ ਮਾਰਗ, ਚੰਡੀਗੜ੍ਹ

# ਮੇਰਾ ਹਲਫੀਆ ਬਿਆਨ

ਰਾਜਿੰਦਰ ਸਿੰਘ ਜਾਲੀ ਦੀਆਂ ਦੋ ਪੁਸਤਕਾਂ ਪ੍ਰਾਪਤ ਹੋਈਆਂ ਹਨ। ਮੇਰਾ ਹਲਫੀਆ ਬਿਆਨ ਅਤੇ ਸਰਬੰਸ ਦਾਨੀ ਗੁਰੂਗੋਬਿੰਦ ਸਿੰਘ ਜੀ। ਇਸ ਤੋਂ ਪਹਿਲਾਂ ਉਹ 14 ਪੁਸਤਕਾਂ ਲਿਖ ਚੁੱਕੇ ਹਨ। ਸਿੱਖ ਇਤਿਹਾਸ ਨਾਲ ਸੰਬੰਧਤ ਪ੍ਰਸ਼ਨ ਉੱਤਰ ਸ਼ੈਲੀ ਵਿਚ ਲਿਖੀਆਂ ਉਹਨਾਂ ਦੀਆਂ ਪੁਸਤਕਾਂ ਕਾਫੀ ਜਾਣਕਾਰੀ ਭਰਪੂਰ ਹਨ।

'ਮੇਰਾ ਹਲਫੀਆ ਬਿਆਨ' ਉਹਨਾਂ ਦੀ ਸਵੈਜੀਵਨੀ ਹੈ। ਹਲਫੀਆ ਬਿਆਨ ਵਿਚ ਵਿਅਕਤੀ ਆਪਣੀ ਜ਼ਿੰਦਗੀ ਦੇ ਵੇਰਵਿਆਂ ਨੂੰ ਇੰਨਬਿੰਨ ਚਿਤਰਨ ਦੀ ਕੋਸ਼ਿਸ਼ ਕਰਦਾ ਹੈ। ਪ੍ਰਸਿੱਧ ਲੇਖਕ ਇਸ ਨੂੰ ਤਸਦੀਕ ਕਰਨ ਲਈ ਆਪਣੀਆਂ ਪੁਸਤਕਾਂ ਦੇ ਨਾਮ ਵੀ ਇਹੋ ਜਿਹੇ ਰੱਖਦੇ ਹਨ ਜਿਵੇਂ ਰਸੀਦੀ ਟਿਕਟ, ਅੱਖੀ ਡਿੱਠਾ ਆਦਿ ਆਦਿ।

ਹਰ ਵਿਅਕਤੀ ਅਦੁੱਤੀ ਹੈ। ਉਸ ਦੇ ਜੀਵਨ ਵੇਰਵੇ ਵੀ ਅਦੁੱਤੀ ਹੁੰਦੇ ਹਨ। ਉੱਪਰੋਂ ਉਪਰੋਂ ਵਾਚਿਆਂ ਇਹ ਵੇਰਵੇ ਬਾਕੀ ਮਨੁੱਖਾਂ ਵਰਗੇ ਹੀ ਜਾਪਦੇ ਹਨ ਪਰ ਜਦੋਂ ਗਹਿਰਾਈ ਵਿਚ ਜਾਈਏ ਤਾਂ ਉਹਨਾਂ ਦੀ ਨਿੱਜਤਾ ਪ੍ਰਗਟ ਹੋਣ ਲੱਗ ਪੈਂਦੀ ਹੈ। ਹਰ ਵਿਅਕਤੀ ਦਾ ਦੇਸ਼, ਕਾਲ, ਪਰਿਵਾਰ ਵੱਖਰਾ ਹੁੰਦਾ ਹੈ। ਪਹਿਲੀ ਵਾਰ ਪੜ੍ਹਨ ਨਾਲ ਹਰ ਜੀਵਨੀ ਰੌਚਕ ਲਗਦੀ ਹੈ।

ਜਦੋਂ ਲੇਖਕ ਲਿਖਦਾ ਹੈ ਤਾਂ ਇਹ ਜ਼ਰੂਰ ਸੋਚਣਾ ਚਾਹੀਦਾ ਹੈ ਕਿ ਸਾਰਾ ਕੁਝ ਲਿਖਣ ਜਾਂ ਦੱਸਣ ਯੋਗ ਹੈ ਕਿ ਨਹੀਂ। ਜੀਵਨੀਆਂ ਵਿਚ ਉਹ ਕੁਝ ਹੀ ਉਭਾਰਨਾ ਚਾਹੀਦਾ ਹੈ ਜੋ ਪ੍ਰੇਰਨਾਦਾਇਕ ਹੋਵੇ। ਕੁਝ ਜੀਵਨੀਕਾਰ ਆਪਣਾ ਕਦ ਉੱਚਾ ਸਾਬਿਤ ਕਰਨ ਲਈ ਦੂਜਿਆਂ ਨੂੰ ਛੁਟਿਆਉਂਦੇ ਹਨ। ਆਪਣੇ ਆਪ ਨੂੰ ਬਲਵਾਨ ਸਾਬਿਤ ਕਰਨ ਲਈ ਖਰਾਬ ਹਾਲਾਤ ਦਾ ਰੋਣਾ ਕੁਝ ਵਧੇਰੇ ਰੋਂਦੇ ਹਨ। ਕੁਝ ਆਪਣੀ ਜੀਵਨੀ ਨੂੰ ਰੌਚਕ ਬਣਾਉਣ ਲਈ ਆਪਣੀਆਂ ਅਨੈਤਿਕ ਕਾਰਸਤਾਨੀਆਂ ਨੂੰ ਸਾਹਿਤਕ ਪੁੱਠ ਦੇ ਕੇ ਬਿਆਨ ਕਰਦੇ ਹਨ। ਸੋਭਾ ਸਿੰਘ ਚਿੱਤਰਕਾਰ ਹੋਰਾਂ ਨੇ ਕਿਤੇ ਲਿਖਿਆ ਹੈ ਕਿ ਕੁਦਰਤ ਹਮੇਸ਼ਾ ਖੂਬਸੂਰਤੀ ਵੱਲ ਵੱਧਦੀ ਹੈ। ਮਨੁੱਖ ਕਿਤੇ ਵੀ ਗੰਦ ਪਾ ਆਵੇ ਕੁਦਰਤ ਉਥੇ ਕੋਈ ਬੂਟਾ ਉਗਾ ਕੇ ਫੁੱਲ ਖਿੜਾ ਦਿੰਦੀ ਹੈ। ਮਨੁੱਖ ਦੇ ਜੀਵਨ ਵਿਚ ਚੰਗੇ-ਮੰਦੇ ਮਨੁੱਖ ਅਤੇ ਹਾਲਾਤ ਆਉਂਦੇ ਹਨ ਪਰ ਉਹਨਾਂ ਵਿਚੋਂ ਕਿਹੜਿਆਂ ਦੀ ਪੈਰਵੀਂ ਕਰਨੀ ਹੈ ਇਹ ਲੇਖਕ ਦਾ ਨਜ਼ਰੀਆ ਤੈਅ ਕਰਦਾ ਹੈ।

ਮੈਂ ਮਹਾਨ ਲੇਖਕਾਂ ਦੀਆਂ ਸਵੈ ਜੀਵਨੀਆਂ ਤੋਂ ਬਹੁਤ ਕੁਝ ਸਿੱਖਿਆ ਹੈ। ਇਹ ਸਦਾ ਹੀ ਮੇਰੀ

ਪ੍ਰੇਰਨਾ ਦਾ ਸੋਮਾ ਰਹੀਆਂ ਹਨ। ਮੈਟ੍ਰਿਕ ਕਰਨ ਤੋਂ ਬਾਅਦ ਮੇਰੀ ਸਾਰੀ ਪੜ੍ਹਾਈ ਪ੍ਰਾਈਵੇਟ-ਜਿਸ ਨੂੰ ਵਾਇਆ ਬਠਿੰਡਾ ਕਹਿੰਦੇ ਹਨ-ਹੋਈ ਹੈ। ਉਦੋਂ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਸਵੈਜੀਵਨੀ ਬੜੀ ਪ੍ਰੇਰਨਾਦਾਇਕ ਲਗਦੀ ਸੀ। ਉਹਨਾਂ ਦੀ ਪੁਸਤਕ ਮੰਜ਼ਲ ਦਿਸ ਪਈ ਨੇ ਮੈਨੂੰ ਆਪਣੀ ਮੰਜ਼ਲ ਦੀ ਦੱਸ ਪਾਈ। ਗੋਰਕੀ ਦੇ ਸਵੈ ਜੀਵਨੀ ਦੇ ਤਿੰਨੇ ਭਾਗ ਵੱਡੇ ਲੇਖਕਾਂ ਨੇ ਅਨੁਵਾਦ ਕੀਤੇ ਹਨ। ਇਹ ਬੜੇ ਪ੍ਰੇਰਨਾਦਾਇਕ ਹਨ। ਹਰਵੰਸ਼ ਰਾਏ ਬੱਚਨ ਦੀ ਜੀਵਨੀ ਵਿਚੋਂ ਵੀ ਮੈਨੂੰ ਬੜੀ ਪ੍ਰੇਰਨਾ ਮਿਲੀ ਸੀ। ਖਾਸ ਕਰਕੇ ਉਹਨਾਂ ਦੀ ਪਰਵਾਸ ਦੀ ਡਾਇਰੀ।

ਉਦੋਂ ਮੈਂ ਪੀਐੱਚ.ਡੀ. ਕਰਨ ਦੀ ਤਿਆਰੀ ਕਰ ਰਿਹਾ ਸੀ। ਹਰਬੰਸ਼ ਰਾਏ ਬੱਚਨ ਵੀ ਵਿਦੇਸ਼ ਵਿਚ ਪੀਐੱਚ. ਡੀ. ਕਰਨ ਗਏ ਹੋਏ ਸਨ। ਉਹਨਾਂ ਦੀ ਡਾਇਰੀ ਨੇ ਬਹੁਤ ਕੁਝ ਸਿਖਾਇਆ। ਪਰ ਅਨੰਦ ਤਾਂ ਪੜ੍ਹਿਆਂ ਹੀ ਆਵੇਗਾ।

ਭੁੱਲ ਚੁੱਕ ਖਿਮਾ

## ਮਸਲਾ ਪੰਜਾਬੀ ਫੌਂਟ ਦੇ ਕੀ ਬੋਰਡ ਦਾ

ਪਿੱਛੇ ਜਿਹੇ ਪੰਜਾਬੀ ਯੂਨੀਵਰਸਿਟੀ ਵਿਖੇ ਇੱਕ ਕਾਨਫਰੰਸ ਦੌਰਾਨ ਗੁਰਮੁਖੀ ਫੌਂਟ ਨੂੰ ਨਿਸਚਿਤ ਕਰਨ ਬਾਰੇ ਵਿਚਾਰਾਂ ਹੋਈਆਂ, ਤਾਂ ਜੋ ਪੰਜਾਬੀ ਨੂੰ ਦੇਸ ਵਿਦੇਸ ਵਿੱਚ ਔਨ ਲਾਈਨ ਸਿਖਲਾਈ ਦਿੱਤੀ ਜਾ ਸਕੇ। ਇਸ ਵੇਲੇ ਗੁਰਮੁਖੀ ਨੂੰ ਕੰਪਿਊਟਰ ਤੇ ਟਾਈਪ ਕਰਨ ਲਈ ਅਨੇਕਾਂ ਫੌਂਟ ਪ੍ਰਚਿਲਤ ਹਨ। ਜਿਸ ਕਾਰਨ ਹਰ ਕੋਈ ਵੱਖਰੇ ਵਖਰੇ ਢੰਗ ਨਾਲ ਟਾਈਪ ਕਰਦਾ ਹੈ। ਜਿਵੇਂ ਅਸੀਸ, ਜੌਏ, ਸਤਲੁਜ, ਰਾਵੀ ਆਦਿ। ਇਸ ਲਈ ਇਸ ਦਾ ਇੱਕ ਕੀ ਬੋਰਡ ਸਥਾਪਿਤ ਕਰਨ ਵਿੱਚ ਦਿੱਕਤ ਆ ਰਹੀ ਹੈ। ਮੇਰੀ ਗੁਜ਼ਾਰਿਸ਼ ਹੈ ਪੰਜਾਬ ਵਿੱਚ ਹੁਣ ਤਕ ਦੇ ਮੈਨੁਅਲ ਟਾਈਪ ਰਾਈਟਰਾਂ ਵਿੱਚ ਜਿਹੜਾ ਕੀ ਬੋਰਡ ਗੁਰਮੁਖੀ ਲਈ ਵਰਤਿਆ ਜਾਂਦਾ ਰਿਹਾ ਹੈ ਉਸੇ ਨੂੰ ਹੀ ਸਥਾਪਿਤ ਕਰਨਾ ਚਾਹੀਦਾ ਹੈ। ਇਹ ਭਾਸ਼ਾ ਵਿਭਾਗ ਵਿੱਚ ਅਤੇ ਪੰਜਾਬ ਸਰਕਾਰ ਵੱਲੋਂ ਪ੍ਰਵਾਨ ਕੀਤਾ ਗਿਆ ਹੈ। ਇਸ ਰਾਹੀਂ ਅਨੇਕਾਂ ਟਾਈਪਿਸਟਾਂ ਅਤੇ ਸਟੈਨੋਗ੍ਰਾਫਰਾਂ ਨੇ ਮੱਲਾਂ ਮਾਰੀਆਂ ਹਨ।

ਇਸ ਕੀ ਬੋਰਡ ਤੇ ਅਧਾਰਤ ਅਸੀਸ ਅਤੇ ਜੌਏ ਫੌਂਟ ਅਧਾਰਿਤ ਹਨ।ਇਸ ਨੂੰ ਟਾਈਪ ਕਰਨ ਵਿੱਚ ਕੋਈ ਦਿੱਕਤ ਵੀ ਨਹੀਂ ਆਉਂਦੀ। ਜੇ ਅੰਗਰੇਜ਼ੀ ਵਾਲੇ ਆਪਣਾ ਪੁਰਾਣਾ ਕੀ ਬੋਰਡ ਰਖ ਸਕਦੇ ਹਨ ਤਾਂ ਪੰਜਾਬੀ ਵਾਲਿਆਂ ਨੂੰ ਕੀ ਦਿੱਕਤ ਹੈ। ਇਸ ਨਾਲ ਇਸ ਵੇਲੇ ਦੇ ਟਾਈਪਿਸਟਾਂ ਨੂੰ ਵੀ ਕੋਈ ਮੁਸ਼ਕਿਲ ਨਹੀਂ ਆਵੇਗੀ ਅਤੇ ਇਸ ਨੂੰ ਸਰਕਾਰੀ ਤੌਰ ਤੇ ਦੁਬਾਰਾ ਪ੍ਰਵਾਨ ਕਰਵਾਉਣ ਦੀ ਲੋੜ ਵੀ ਨਹੀਂ। ਖਰਚਾ ਅਤੇ ਖਲਜਗਣ ਦੋਹਾਂ ਤੋਂ ਬਚਿਆ ਜਾ ਸਕਦਾ ਹੈ।

ਡਾ. ਜਾਗੀਰ ਸਿੰਘ

# ਗੁਰਮਤਿ ਸੰਗੀਤ ਵਿਚ ਰਾਗ ਧਨਾਸਰੀ

**ਡਾ. ਗੁਰਨਾਮ ਸਿੰਘ**

ਧਨਾਸਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮਹੱਤਵਪੂਰਨ ਰਾਗ ਹੈ ਜਿਸ ਵਿਚ ਗੁਰੂ ਨਾਨਕ ਦੇਵ ਜੀ ਦੀ ਬ੍ਰਹਿਮੰਡੀ ਸ਼ਬਦ ਰਚਨਾ ਆਰਤੀ ਦਰਜ ਹੈ। ਆਰਤੀ ਲਈ ਇਸ ਰਾਗ ਦਾ ਨਿਰਧਾਰਣ ਗੁਰੂ ਨਾਨਕ ਦੇਵ ਜੀ ਤੋਂ ਇਲਾਵਾ ਭਗਤ ਰਵਿਦਾਸ, ਭਗਤ ਸੈਣ, ਭਗਤ ਧੰਨਾ ਦੀਆਂ ਸ਼ਬਦ ਰਚਨਾਵਾਂ ਵਿਚ ਮਿਲਦਾ ਹੈ। ਵੱਖ-ਵੱਖ ਸੰਤ ਭਗਤਾਂ ਦੁਆਰਾ ਇਸ ਰਾਗ ਦਾ ਪ੍ਰਯੋਗ ਭਾਰਤੀ ਸੰਗੀਤ ਪਰੰਪਰਾ ਵਿਚ ਰਾਗ ਦੇ ਮਹੱਤਵ ਤੇ ਰੂਹਾਨੀ ਬਾਣੀ ਦੀ ਪ੍ਰਕ੍ਰਿਤੀ ਅਨੁਸਾਰ ਰਾਗ ਦੀ ਚੋਣ ਦਰਸਾਉਂਦਾ ਹੈ। ਇਹ ਵੀ ਪ੍ਰਤੱਖ ਹੈ ਕਿ ਉਸ ਸਮੇਂ ਗੂੜ੍ਹ ਅਧਿਆਤਮ ਦਰਸ਼ਨ ਦੀਆਂ ਬਾਤਾਂ ਤੇ ਜਨ ਸਧਾਰਣ ਦੇ ਜੀਵਨ ਦੇ ਅਧਿਆਤਮ ਰੂਪਾਂਤਰਣ ਲਈ ਸੰਚਾਰ ਵਿਚ ਰਾਗ ਵਿਸ਼ੇਸ਼ ਮਾਧਿਅਮ ਵਜੋਂ ਸਹਾਈ ਹੋਇਆ। ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਦੇ ਹਵਾਲੇ ਅਨੁਸਾਰ ਤਾਂਹੀਓਂ ਤਾਂ ਗੁਰੂ ਨਾਨਕ ਸਾਹਿਬ ਫੁਰਮਾ ਰਹੇ ਹਨ ਕਿ:ਇਕ ਰਾਗ ਰਾਗਨੀਆਂ ਸਮਝਦੇ ਹੈਨ॥ ਇਕ ਸੁਰ ਨੂੰ ਸਮਝਦੇ ਹੈਨ॥ ਇਕ ਸਾਜ ਨੂੰ ਸਮਝਦੇ ਹੈਨ॥ ਇਕ ਸਬਦ ਦੇ ਤਾਤਪਰਜ ਨੂੰ ਸਮਝਦੇ ਹੈਨ॥ ਤੁਮ ਵਡੇ ਸ੍ਰੋਤੇ ਹੈ ਜੋ ਸਬਦ ਦੇ ਤਾਤਪਰਜ ਨੂੰ ਸਮਝਦੇ ਹੋ॥ ਕਾਗ ਭਸੁੰਡ ਕਹਿਆ ਉਤਮ ਹੈ ਕਿ ਮਹਾਰਾਜ ਦੇ ਕੀਰਤਨ ਦੇ ਤਾਤਪਰਜ ਨੂੰ ਸਮਝਦੇ ਹੈਂ, ਸੋ ਰਸ ਪਾਵਤੇ ਹੈਂ॥ ਜੋ ਰਾਗਾਂ ਨੂੰ ਤਾਰਾਂ ਸਮਝਦੇ ਹੈਂ, ਸੋ ਛਿਲ ਖਾਤੇ ਹੈਂ॥

ਵਾਕਿਆ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਨਾਤਨੀ, ਦੇਸੀ, ਰੁਤਕਾਲੀਨ, ਉਤਰੀ ਦੱਖਣੀ, ਸ਼ੁੱਧ, ਛਾਇਆਲਗ, ਸੰਕੀਰਣ ਹਰ ਤਰ੍ਹਾਂ ਦੇ ਰਾਗ ਬਿਨਾਂ ਕਿਸੇ ਭੇਦ ਭਾਵ ਤੋਂ ਪ੍ਰਯੋਗ ਕੀਤੇ ਗਏ ਜੋ ਸ਼ਬਦ ਦੀ ਪ੍ਰਕ੍ਰਿਤੀ ਦੇ ਅਨੁਕੂਲ ਸਹਾਈ ਹੋਏ ਅਤੇ ਅੰਤ ਵਿਚ ਦਰਜ ਰਾਗਮਾਲਾ ਦਾ ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਰਾਗ ਪ੍ਰਬੰਧ (31 ਮੁੱਖ ਰਾਗ ਤੇ 31 ਰਾਗ ਪ੍ਰਕਾਰ) ਨਾਲ ਸਿੱਧਾ ਸਬੰਧ ਦ੍ਰਿਸ਼ਟੀਗੋਚਰ ਨਹੀਂ ਹੁੰਦਾ ਫਿਰ ਵੀ ਇਹ ਰਾਗਮਾਲਾ ਇਸ ਜਨਮ ਸਾਖੀ ਵਿਚ ਗੁਰੂ ਨਾਨਕ ਸਾਹਿਬ ਦੇ ਫੁਰਮਾਨ ਵਾਂਗੂ ਸਾਰੇ ਰਾਗਾਂ ਨੂੰ ਰਾਗਾਤਮਕ

ਗਾਇਨ ਵਿਚ ਸਹਾਈ ਦਰਸਾਉਂਦੀ ਹੈ ਤਾਂਹੀਓ ਤਾਂ ਦਸਮ ਗ੍ਰੰਥ ਤੇ ਰਾਗ ਮਾਲਾ ਵਿਚ ਰਾਗ ਮਾਲਾ ਦੇ ਕਾਫੀ ਰਾਗਾਂ ਦੇ ਦਰਸ਼ਨ ਦੀਦਾਰੇ ਹੋ ਜਾਂਦੇ ਹਨ ਜੋ ਗੁਰੂ ਕਾਲ ਤੇ ਗੁਰੂ ਪਰੰਪਰਾ ਦੇ ਹੀ ਗ੍ਰੰਥ ਹਨ। ਇਸੇ ਕਰਕੇ ਇਸ ਪ੍ਰਸੰਗ ਵਿਚ ਧਨਾਸਰੀ ਵਰਗੇ ਰਾਗ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ।

ਰਾਗ ਧਨਾਸਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਰਤੀਬ ਦੇ ਅੰਤਰਗਤ ਦਸਵੇਂ ਸਥਾਨ ਉਤੇ ਅੰਗ 660 'ਤੇ ਆਰੰਭ ਹੋਇਆ ਹੈ। ਧਨਾਸਰੀ ਰਾਗ ਦੇ ਅੰਤਰਗਤ ਗੁਰੂ ਸਾਹਿਬਾਨ ਅਤੇ ਭਗਤਾਂ ਦੀ ਬਾਣੀ

ਦਰਜ ਹੈ ਜਿਨ੍ਹਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 8 ਪਦੇ, 1 ਆਰਤੀ, 2 ਅਸਟਪਦੀਆਂ, 3 ਛੰਤ; ਗੁਰੂ ਅਮਰਦਾਸ ਜੀ ਦੇ 9 ਪਦੇ; ਗੁਰੂ ਰਾਮਦਾਸ ਜੀ ਦੇ 13 ਪਦੇ, 1 ਛੰਤ; ਗੁਰੂ ਅਰਜਨ ਦੇਵ ਜੀ ਦੇ 58 ਪਦੇ, 1 ਅਸਟਪਦੀ, 1 ਛੰਤ ਅਤੇ ਗੁਰੂ ਤੇਗ ਬਹਾਦਰ ਜੀ ਦੇ 4 ਪਦੇ ਦਰਜ ਹਨ। ਗੁਰੂ ਸਾਹਿਬਾਨ ਤੋਂ ਇਲਾਵਾ ਇਸ ਰਾਗ ਦੇ ਅੰਤਰਗਤ ਭਗਤ ਕਬੀਰ ਜੀ ਦੇ 5 ; ਭਗਤ ਤ੍ਰਿਲੋਚਨ ਜੀ ਦਾ 1; ਭਗਤ ਨਾਮਦੇਵ ਜੀ ਦੇ 5 ਅਤੇ ਭਗਤ ਰਵਿਦਾਸ ਜੀ ਦੇ 3, ਭਗਤ ਸੈਣ ਜੀ ਦਾ 1, ਭਗਤ ਪੀਪਾ ਜੀ ਦਾ 1 ਅਤੇ ਭਗਤ ਧੰਨਾ ਦਾ 1 ਪਦਾ ਬਾਣੀ ਰੂਪ ਵਿਚ ਅੰਕਿਤ ਹੈ।

ਇਹ ਉਤਰੀ ਭਾਰਤੀ ਲੋਕ ਸੰਗੀਤ ਵਿਸ਼ੇਸ਼ ਕਰਕੇ ਪੰਜਾਬੀ ਲੋਕ ਸੰਗੀਤ ਪਰੰਪਰਾ ਵਿਚੋਂ ਉਤਪੰਨ ਹੋਇਆ ਰਾਗ ਮੰਨਿਆ ਜਾਂਦਾ ਹੈ। ਪੁਰਾਤਨ ਜਨਮ ਸਾਖੀ ਅਨੁਸਾਰ ਧਨਾਸਰੀ ਆਸਾਮ ਦੇ ਨਜਦੀਕ ਗੋਲਘਾਟ ਦੇ ਨਾਲ ਲਗਦੇ ਦਰਿਆ ਦੀ ਵਾਦੀ ਹੈ। ਪਿਆਰਾ ਸਿੰਘ ਪਦਮ ਨੇ ਗੁਰੂ ਗ੍ਰੰਥ ਸੰਕੇਤ ਕੋਸ਼ ਵਿਚ ਧਨਾਸਰੀ ਨੂੰ ਪੱਛਮੀ ਪੰਜਾਬ ਦਾ ਇਕ ਭਾਗ ਮੰਨਿਆ ਹੈ ਜਿਸ ਦੀ ਸਥਾਨਕ ਲੋਕ ਧੁਨ ਤੋਂ ਇਸ ਰਾਗ ਦੀ ਸਥਾਪਨਾ ਹੋਈ। ਗੁਰੂ ਕਾਲ ਦੇ ਸਮਕਾਲੀ ਭਾਰਤੀ ਸੰਗੀਤ ਗ੍ਰੰਥਾਂ ਵਿਚ ਇਸ ਰਾਗ ਦਾ ਉਲੇਖ ਪ੍ਰਾਪਤ ਹੁੰਦਾ ਹੈ। ਸੰਗੀਤ ਪਾਰਿਜਾਤ ਵਿਚ ਇਸ ਰਾਗ ਨੂੰ ਮਾਲਵ ਰਾਗ ਦੀਆਂ ਰਾਗਨੀਆਂ ਵਜੋਂ ਸਵੀਕਾਰਿਆ ਗਿਆ ਹੈ। ਸੰਗੀਤ ਦਰਪਣ ਗ੍ਰੰਥ ਵਿਚ ਇਸ ਰਾਗ ਦਾ ਵਰਨਣ ਰਾਗ ਧਿਆਨ ਪਰੰਪਰਾ ਅਧੀਨ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1419 'ਤੇ ਗੁਰੂ ਅਮਰਦਾਸ ਜੀ ਇਸ ਸਬੰਧੀ ਫੁਰਮਾਉਂਦੇ ਹਨ ਕਿ ਭਾਈ ਧਨਾਸਰੀ ਤਾਂ ਹੀ ਧਨਵੰਤੀ ਅਰਥਾਤ ਭਾਗਾਂ ਵਾਲੀ ਹੈ ਜੇ ਸਤਿਗੁਰ ਦੀ ਦੱਸੀ ਕਾਰ ਕਮਾਏਗੀ ਭਾਵ ਰਸਮੀ ਕਰਮ ਕਾਂਡਾਂ ਨੂੰ ਛੱਡ ਸੱਚੇ ਗੁਰੂ ਦੀ ਕਾਰ ਕਰਨੀ ਤਾਂ ਹੀ ਧਨਾਸਰੀ ਗਾਉਣ ਵਾਲਾ ਧਨਵੰਤ ਹੋਵੇਗਾ। ਪ੍ਰਸਿੱਧ ਚਿਤਰਕਾਰ ਸ. ਦਵਿੰਦਰ ਸਿੰਘ ਨੇ ਧਨਾਸਰੀ ਰਾਗ ਦਾ ਧਿਆਨ ਕਰਦਿਆਂ ਆਪਣੀ ਕਲਪਨਾ ਦੀਆਂ ਅਸੀਮ ਗਹਿਰਾਈਆਂ ਵਿਚੋਂ ਇਸ ਰਾਗ ਨੂੰ ਬਾਖੂਬੀ ਚਿਤਰਿਆ ਹੈ।

ਭਾਰਤੀ ਸੰਗੀਤ ਵਿਚ ਧਨਾਸਰੀ ਰਾਗ ਪੁਰਾਤਨ, ਮਧੁਰ ਅਤੇ ਅਪ੍ਰਚਲਿਤ ਰਾਗਾਂ ਦੀ ਸ਼੍ਰੇਣੀ ਵਿਚ ਰਖਿਆ ਗਿਆ ਹੈ। ਪੰਜਾਬ ਦੇ ਕਈ ਲੋਕ ਗੀਤਾਂ ਵਿਚੋਂ ਧਨਾਸਰੀ ਰਾਗ ਦੀ ਮਹਿਕ ਮਿਲਦੀ ਹੈ। ਧਨਾਸਰੀ ਰਾਗ ਦਾ ਨਾਦਾਤਮਕ ਸਰੂਪ ਵਿਦਵਾਨਾਂ ਨੇ ਦੋ ਪ੍ਰਕਾਰ ਦਾ ਮੰਨਿਆ ਹੈ। ਜਿਸ ਅਧੀਨ ਇਸ ਨੂੰ ਕਾਫੀ ਥਾਟ ਅਤੇ ਭੈਰਵੀ ਥਾਟ ਦੇ ਅੰਤਰਗਤ ਰਖਿਆ ਗਿਆ ਹੈ। ਪਰੰਤੂ ਵਧੇਰੇ ਭਾਰਤੀ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਵਿਦਵਾਨਾਂ ਨੇ ਕਾਫੀ ਥਾਟ ਯੁਕਤ ਧਨਾਸਰੀ ਨੂੰ ਪ੍ਰਵਾਨ ਕੀਤਾ ਹੈ। ਭੈਰਵੀ ਥਾਟ ਯੁਕਤ ਧਨਾਸਰੀ ਰਾਗ ਵਿਚ ਅਤੇ ਕਾਫੀ ਥਾਟ ਦੇ ਧਨਾਸਰੀ ਵਿਚ ਅੰਤਰ ਕੇਵਲ ਸੁਰਾਂ ਦੀ ਅਵਸਥਾ ਦਾ ਹੀ ਹੈ। ਸਮਕਾਲੀ ਭਾਰਤੀ ਰਾਗ ਪਰੰਪਰਾ ਵਿਚ ਪੂਰੀਆ ਧਨਾਸਰੀ ਅਤੇ ਧਨਾਸਰੀ (ਕਾਫੀ ਥਾਟ) ਤੋਂ ਬਿਨਾਂ ਇਕ ਹੋਰ ਰਾਗ ਸਰੂਪ ਰਾਗ ਵਿਆਕਰਣ ਵਿਚ ਦਰਜ ਹੈ। ਜਿਸ ਅਨੁਸਾਰ ਇਸ ਰਾਗ ਦਾ ਸਰੂਪ ਇਸ ਪ੍ਰਕਾਰ ਹੈ - ਆਰੋਹ : ਨੀ (ਮੰਦਰ ਸਪਤਕ) ਸ ਗ (ਕੋਮਲ) ਮ ਪ ਨੀ (ਕੋਮਲ) ਸ (ਤਾਰ ਸਪਤਕ), ਅਵਰੋਹ : ਸ (ਤਾਰ ਸਪਤਕ) ਨੀ (ਕੋਮਲ) ਧ (ਕੋਮਲ) ਪ ਮ ਗ (ਕੋਮਲ) ਰੇ (ਕੋਮਲ) ਸ।

ਰਾਗ ਨਿਰਣਾਇਕ ਕਮੇਟੀ, ਰਾਗ ਕੋਸ਼, ਪ੍ਰੋ. ਤਾਰਾ ਸਿੰਘ, ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਅਤੇ ਗਿਆਨ ਸਿੰਘ ਐਬਟਾਬਾਦ ਅਨੁਸਾਰ ਇਸ ਰਾਗ ਦਾ ਥਾਟ ਕਾਫੀ ਅਤੇ ਆਰੋਹ ਵਿਚ ਰਿਸ਼ਭ ਧੈਵਤ ਵਰਜਿਤ ਕਰਕੇ ਜਾਤੀ ਔੜਵ ਸੰਪੂਰਨ ਮੰਨੀ ਹੈ। ਇਸ ਰਾਗ ਦਾ ਵਾਦੀ ਸੁਰ ਪੰਚਮ ਅਤੇ ਸੰਵਾਦੀ ਸੁਰ ਸ਼ੜਜ ਹੈ। ਗੰਧਾਰ, ਨਿਸ਼ਾਦ, ਕੋਮਲ ਅਤੇ ਬਾਕੀ ਸੁਰ ਸ਼ੁੱਧ ਵਰਤੇ ਜਾਂਦੇ ਹਨ। ਇਸ ਦਾ ਗਾਇਨ ਸਮਾਂ ਦਿਨ ਦਾ ਤੀਸਰਾ ਪਹਿਰ ਹੈ। ਇਸ ਦਾ ਸਰੂਪ - ਆਰੋਹ : ਸ ਗ (ਕੋਮਲ), ਮ ਪ, ਨੀ (ਕੋਮਲ) ਸ (ਤਾਰ ਸਪਤਕ), ਅਵਰੋਹ : ਸ (ਤਾਰ ਸਪਤਕ) ਨੀ (ਕੋਮਲ) ਧ ਮ, ਮ ਪ ਗ (ਕੋਮਲ), ਰੇ ਸ, ਮੁੱਖ ਅੰਗ : ਨੀ (ਕੋਮਲ) ਸ ਗ (ਕੋਮਲ), ਮ ਪ, ਨੀ (ਕੋਮਲ) ਧ ਮ, ਮ ਪ ਗ (ਕੋਮਲ), ਰੇ ਸ ਪ੍ਰਵਾਨਿਆ ਹੈ।

ਧਨਾਸਰੀ ਰਾਗ ਵੀਹਵੀਂ ਸਦੀ ਦੇ ਸ਼ਬਦ ਕੀਰਤਨ ਰਚਨਾਕਾਰਾਂ ਨੇ ਰਚਨਾਵਾਂ ਸੁਰਲਿਪੀ ਬੱਧ ਕੀਤੀਆਂ ਹਨ ਜਿਨ੍ਹਾਂ ਵਿਚ ਗਿਆਨ ਸਿੰਘ ਐਬਟਾਬਾਦ ਗੁਰਬਾਣੀ ਸੰਗੀਤ (ਭਾਗ ਪਹਿਲਾ), ਪ੍ਰੋ. ਤਾਰਾ ਸਿੰਘ ਸ੍ਰੀ ਗੁਰੂ ਤੇਗ ਬਹਾਦਰ ਰਾਗ ਰਤਨਵਾਲੀ, ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ, ਸੰਤ ਸਰਵਣ ਸਿੰਘ ਗੰਧਰਵ ਸੁਰ ਸਿਮਰਨ ਸੰਗੀਤ (ਭਾਗ ਚੌਥਾ), ਪ੍ਰਿੰਸੀਪਲ ਦਿਆਲ ਸਿੰਘ ਗੁਰਮਤਿ ਸੰਗੀਤ ਸਾਗਰ (ਭਾਗ ਪਹਿਲਾ, ਦੂਜਾ), ਡਾ. ਗੁਰਨਾਮ ਸਿੰਘ - ਯਸ਼ਪਾਲ ਸ਼ਰਮਾ ਗੁਰਮਤਿ ਸੰਗੀਤ ਰਾਗ ਰਤਨਾਵਲੀ, ਰਾਗੀ ਜਸਵੰਤ ਸਿੰਘ ਸੰਗੀਤ ਸਾਗਰ, ਪ੍ਰੋ. ਪਰਮਜੋਤ ਸਿੰਘ ਸਵਰ ਸਮੁੰਦ ਰੀਤ ਰਤਨਾਵਲੀ ਆਦਿ ਪ੍ਰਮੁੱਖ ਹਨ।

ਧਨਾਸਰੀ ਰਾਗ ਨੂੰ ਗਾਇਨ ਕਰਨ ਵਾਲੇ ਕੀਰਤਨਕਾਰਾਂ ਵਿਚ ਭਾਈ ਅਵਤਾਰ ਸਿੰਘ, ਭਾਈ ਬਲਬੀਰ ਸਿੰਘ, ਭਾਈ ਗੁਰਮੀਤ ਸਿੰਘ ਸ਼ਾਂਤ, ਡਾ. ਗੁਰਨਾਮ ਸਿੰਘ, ਡਾ. ਨਿਵੇਦਿਤਾ ਸਿੰਘ, ਭਾਈ ਕੁਲਤਾਰ ਸਿੰਘ ਚੰਦਨ, ਭਾਈ ਨਿਰਮਲ ਸਿੰਘ ਖਾਲਸਾ, ਪ੍ਰੋ. ਸੁਰਿੰਦਰ ਸਿੰਘ ਯੂ.ਕੇ., ਪ੍ਰੋ. ਪਰਮਜੋਤ ਸਿੰਘ, ਭਾਈ ਨਰਿੰਦਰ ਸਿੰਘ, ਭਾਈ ਨਿਰੰਜਨ ਸਿੰਘ ਜਵੱਦੀ ਕਲਾਂ, ਬੀਬੀ ਗੁਰਪ੍ਰੀਤ ਕੌਰ-ਕੀਰਤ ਕੌਰ, ਸ. ਅਲੰਕਾਰ ਸਿੰਘ, ਸ੍ਰੀ ਅਲੀ ਅਕਬਰ, ਭਾਈ ਇਕਬਾਲ ਸਿੰਘ ਦੇ ਨਾਮ ਪ੍ਰਮੁੱਖ ਹਨ ਜਿਨ੍ਹਾਂ ਦੇ ਇਸ ਰਾਗ ਨੂੰ ਬਾਖੂਬੀ ਗਾਇਆ ਹੈ। ਅਸੀਂ ਇਸ ਰਾਗ ਨੂੰ www.gurmatsangeetpup.com, www.sikh-relics.com, www.jawadditaksal.org, www.vismaadnaad.org, www.youtube.com ਵੈਬਸਾਈਟਜ਼ 'ਤੇ ਸੁਣ ਸਕਦੇ ਹਾਂ।

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭੱਟਾਂ ਦਾ ਯੋਗਦਾਨ

ਡਾ. ਜਤਿੰਦਰ ਕੌਰ

ਸ੍ਰੀ ਗੁਰੂਗ੍ਰੰਥ ਸਾਹਿਬ ਵਿੱਚ 6 ਗੁਰੂਸਾਹਿਬਾਨ, 15 ਸੰਤਾਂ ਭਗਤਾਂ, 4 ਸਿੱਖ ਸੇਵਕਾਂ ਅਤੇ 11 ਭੱਟਾਂ ਦੇ ਸਵਯੇ ਇਲਾਹੀ ਬਾਣੀ ਵਜੋਂ ਸੁਭਾਇਮਾਨ ਹਨ, ਇਹ ਇਲਾਹੀ ਸ਼ਬਦ ਸਲੋਕ, ਸਾਰੀ ਮਨੁੱਖਤਾ ਦੇ ਮਨੁੱਖਾਂ ਜੀਵਨ ਨੂੰ ਸਫਲ ਕਰਨ ਲਈ ਸੁਚੱਜੀ ਜੀਵਨ-ਜਾਚ, ਸੋਧ ਅਤੇ ਅਗਵਾਈ ਦੇਣ ਦੇ ਚਾਨਣ ਮੁਨਾਰਾ ਹਨ।

ਉਸ ਸਮੇਂ ਦੇ ਪੰਡਤ ਹੰਕਾਰੀ ਅਤੇ ਜਾਤ ਅਭਿਮਾਨੀ ਸਨ, ਇਹ ਪੰਜਾਬ ਦੇ ਕਿਸਾਨਾਂ, ਜ਼ਿੰਮੀਦਾਰਾਂ, ਕਾਸ਼ਤਕਾਰਾਂ ਅਤੇ ਕਿਰਤ ਕਰਨ ਵਾਲੇ ਲੋਕਾਂ ਨੂੰ ਨੀਚ, ਕਾਮੇ, ਸ਼ੂਦਰ ਆਦਿ ਕਹਿ ਕੇ ਨਫ਼ਰਤ ਕਰਦੇ ਸਨ ਅਤੇ ਧਰਮ ਬਾਰੇ ਕੋਈ ਜਾਣਕਾਰੀ ਦੇਣ ਤੋਂ ਇਨਕਾਰ ਕਰਦੇ ਸਨ। ਪੰਡਤਾਂ ਦੇ ਵੇਦ ਸ਼ਾਸਤਰ ਪੋਥੀਆਂ ਗ੍ਰੰਥ ਸੰਸਕ੍ਰਿਤ ਭਾਸ਼ਾ ਵਿੱਚ ਸਨ, ਸਤਿਗੁਰੂਨਾਨਕ ਦੇਵ ਜੀ ਨੂੰ ਆਪ ਨਿਰੰਕਾਰ ਨੇ ਪੰਜਾਬ ਦੀ ਧਰਤੀ ਤਲਵੰਡੀ ਰਾਇ ਭੋਇ ਵਿਖੇ ਭੇਜਿਆ ਕਿ ਪੰਜਾਬ ਦੇ ਨੀਚ ਸ਼ੂਦਰ ਕਹੇ ਜਾਂਦੇ ਆਮ ਲੋਕਾਂ ਨੂੰ ਦਾ ਗਿਆਨ ਪੰਜਾਬ ਦੀ ਭਾਸ਼ਾ ਪੰਜਾਬੀ ਵਿੱਚ ਸਰਲ ਸਹਿਜ ਢੰਗ ਨਾਲ ਉਪਦੇਸ਼ ਦਿੱਤੇ ਜਾਣ ਤਾਂ ਜੋ ਹਰ ਕਿਸੇ ਗਰੀਬ ਅਨਪੜ੍ਹ ਦਾ ਕਲਿਆਣ ਹੋ ਸਕੇ, ਗੁਰੂਜੀ ਆਪ ਬਾਬਾ ਫਰੀਦ, ਭਗਤ ਨਾਮਦੇਵ, ਰਵਿਦਾਸ, ਕਬੀਰ ਆਦਿ ਦੇ ਡੇਰਿਆਂ ਤੱਕ ਗਏ, ਸੱਚੇ ਭਗਤਾਂ ਗੁਰਸਿੱਖਾਂ ਦੇ ਇਲਾਹੀ ਸ਼ਬਦ ਦੇ ਉਤਾਰੇ ਕੀਤੇ।

ਭੱਟਾ ਦਾ ਯੋਗਦਾਨ : ਪੰਜਾਬ ਦੇ ਭੱਟ ਜਾਤ ਦੇ ਸਰਸਵਤ ਬ੍ਰਾਹਮਣ ਸਨ। ਇਹ ਆਪਣੀ ਉਤਪਤੀ ਕਸ਼ਿਸ਼ ਰਿਸ਼ੀ ਤੋਂ ਮੰਨਦੇ ਹਨ। ਉਚ ਜਾਤ ਦੇ ਬ੍ਰਾਹਮਣ, ਭੱਟਾਂ ਨੂੰ ਆਪਣੇ ਤੋਂ ਨੀਵੀ ਜਾਤ ਦਾ ਮੰਨਦੇ ਹਨ। ਇਹ ਲੋਕ ਸਰਸਵਤੀ ਨਦੀ ਦੇ ਕੰਢੇ ਤੇ ਵੱਸੇ ਹੋਏ ਸਨ।[1]

ਪੰਜਾਬੀ ਭਾਸ਼ਾ ਦਾ ਭੱਟ ਸ਼ਬਦ ਹਿੰਦੀ ਦੇ ਭਾਟ ਦਾ ਹੀ ਸਮਾਨ-ਅਰਥਕ ਹੈ। ਆਮ ਤੌਰ ਤੇ ਸਮੂਹ ਭਾਸ਼ਾਵਾਂ ਦੇ ਜੰਗ ਕਾਲ ਸਾਹਿਤ ਵਿੱਚ ਭੱਟਾਂ ਦਾ ਮਹੱਤਵਪੂਰਨ ਸਥਾਨ ਪਾਇਆ ਜਾਦਾ ਹੈ। ਭਗਤੀ ਲਹਿਰ ਦੇ ਸਮੇਂ ਵਿੱਚ ਹੀ ਰਾਜਸਥਾਨ ਅਤੇ ਹੋਰਨਾਂ ਭਾਰਤੀ ਰਾਜ ਦਰਬਾਰਾਂ ਵਿੱਚ ਉਨ੍ਹਾਂ ਦੇ ਦਰਬਾਰੀ ਚਾਰਣੋ, ਭਾਟੋ ਆਦਿ ਦੇ ਦੁਆਰਾ ਸੰਗੀਤਮਈ ਗੀਤ ਗਾਉਣ ਦੀ ਇਹ ਪਰੰਪਰਾ ਕਿਵੇਂ ਚਲਦੀ ਰਹੀ, ਇਸ ਦਾ ਸਬੂਤ ਸਾਨੂੰ ਰਾਜਸਥਾਨ ਦੇ ਚਾਰਨ ਸਾਹਿਤ ਵਿੱਚ ਭਰਪੂਰ ਮਾਤਰਾ ਵਿੱਚ ਮਿਲਦਾ ਹੈ। ਉਦਾਹਰਣ ਸਰੂਪ ਮਹਿਮੂਦ ਗਜ਼ਨਵੀ ਨੇ ਪ੍ਰਿਥਵੀ ਰਾਜ ਚੌਹਾਨ ਨੂੰ ਹਰਾ ਕੇ ਜੇਲ ਨੂੰ ਵਿੱਚ ਸੁੱਟ ਦਿੱਤਾ ਅਤੇ ਉਸ ਦੀਆਂ ਦੋਵੇਂ ਅੱਖਾਂ ਕੱਢਵਾ ਦਿੱਤੀਆਂ। ਪ੍ਰਿਥਵੀ ਰਾਜ ਦੇ ਸਬੰਧ ਵਿੱਚ ਇਹ ਕਿਹਾ ਜਾਂਦਾ ਹੈ ਕਿ ਭਾਵੇਂ ਕਿ ਉਸ ਨੂੰ ਅੱਖਾਂ ਤੋਂ ਨਜ਼ਰ ਨਹੀਂ ਆਉਂਦਾ ਸੀ ਪਰ ਫਿਰ ਵੀ ਉਹ ਤੀਰ ਕਮਾਨ ਚਲਾਉਣ ਵਿੱਚ ਵੀ ਨਿਪੁੰਨ ਸੀ। ਉਨ੍ਹਾਂ ਦੀ ਤੀਰ-ਅੰਦਾਜ਼ੀ ਦੀ ਕੁਸ਼ਲਤਾ ਦੀ ਵਿੱਦਿਆ ਨੂੰ ਪਰਖਣ ਲਈ ਰਾਜ ਸਭਾ ਵਿੱਚ ਬੁਲਾ ਕੇ ਉਨ੍ਹਾਂ ਨੂੰ ਆਪਣੀ ਤੀਰ-ਅੰਦਾਜ਼ੀ ਦੀ ਵਿੱਦਿਆ ਪ੍ਰਸਤੁੱਤ ਕਰਨ ਲਈ ਕਿਹਾ ਗਿਆ। ਪ੍ਰਿਥਵੀ ਰਾਜ ਦੀ ਬੇਨਤੀ ਤੇ ਉਨ੍ਹਾ ਦੇ ਦਰਬਾਰ ਦੇ ਭੱਟ ਚੰਦ ਵਰਦਾਈ ਨੂੰ ਵੀ ਸੱਦਾ ਦਿੱਤਾ ਗਿਆ। ਇਸ ਮੌਕੇ ਤੇ ਚੰਦ ਵਰਦਾਈ ਨੇ ਰਾਜਾ ਦੇ ਆਸਣ ਦੀ ਪੂਰੀ ਜਾਣਕਾਰੀ ਨੂੰ ਆਪਣੀ ਕਵਿਤਾ ਦੇ ਜਰੀਏ ਪ੍ਰਿਥਵੀ ਰਾਜ ਨੂੰ ਆਪਣੀ ਪਦਾਤਮਿਕ ਸ਼ੈਲੀ ਵਿੱਚ ਸਮਝਾਇਆ ਕਿ ਤੇਰਾ ਦੁਸ਼ਮਨ ਫਲਾਣੀ ਦੂਰੀ ਤੇ ਬਿਰਾਜਮਾਨ ਹੈ ਅਤੇ ਇਸ ਮੌਕੇ ਨੂੰ ਹੱਥੋਂ ਨਾ ਜਾਣ ਦੇਣ। ਉਸਦੀ ਪਦ ਰਚਨਾ ਨੂੰ ਸੁਣਦੇ ਹੀ ਪ੍ਰਿਥਵੀ ਰਾਜ ਨੇ ਨੇਤਰ ਨਾ ਹੁੰਦੇ ਹੋਏ ਵੀ ਦੂਰੀ ਅਤੇ ਦਿਸ਼ਾ ਨੂੰ ਮਾਪ ਲਿਆ ਅਤੇ ਤੀਰ ਇਸ ਪ੍ਰਕਾਰ ਮਾਰਿਆ ਕਿ ਸਿੱਧਾ ਰਾਜੇ ਦੇ ਗਲੇ 'ਚ ਲੱਗਾ।

ਇਸ ਪ੍ਰਕਾਰ ਵੱਖ-ਵੱਖ ਮੌਕਿਆਂ ਤੇ ਭੱਟਾਂ ਨੇ ਆਪਣੇ ਵਾਕ ਗਿਆਨ ਅਤੇ ਪਦ-ਰਚਨਾ ਦੇ ਦੁਆਰਾ ਅਨੇਕਾਂ ਸਲਾਹੁਣਯੋਗ ਕਾਰਜ ਕੀਤੇ ਹਨ। ਉਨ੍ਹਾਂ ਦੀਆਂ ਕਾਵਿ-ਰਚਨਾਵਾਂ ਨੂੰ ਸੁਣ ਕੇ ਯੋਧਿਆਂ ਦੇ ਸਰੀਰ ਵਿੱਚ ਅਗਲੀ ਸੰਚਾਲਿਤ ਹੋਣ ਲਗਦੀ ਸੀ ਜੋ ਉਨ੍ਹਾਂ ਨੂੰ ਜੰਗ 'ਚ ਜਾਣ ਲਈ ਪ੍ਰੇਰਿਤ ਕਰਦੀ ਸੀ।

ਮਹਾਂਕਵੀ ਚਾਂਦ ਵਰਦਾਈ ਦੀ ਪ੍ਰਿਥਵੀ ਰਾਜ ਰਾਸੋ ਤੋਂ ਇਲਾਵਾ ਪ੍ਰਮਾਲ ਰਾਸੋ, ਹਮੀਰ ਰਾਸੌ, ਆਦਿ ਗ੍ਰੰਥ ਵੀ ਵਰਨਣਯੋਗ ਹਨ। ਸ੍ਰੀ ਗੁਰੂਗ੍ਰੰਥ ਸਾਹਿਬ ਵਿੱਚ ਵੀ ਭੱਟਾਂ ਦੀ ਬਾਣੀ ਜੋ ਪੰਜਾਬੀ ਬੋਲ ਦੇ ਸ਼ੁੱਧ ਰੂਪ ਵਿੱਚ ਰੰਗੀ ਹੋਈ ਹੈ, ਮਰਾਠੀ, ਗੁਜਰਾਤੀ ਅਤੇ ਰਾਜਸਥਾਨੀ ਸੰਗੀਤਮਈ ਛੰਦ ਦਾ ਹੀ ਦੂਜਾ ਰੂਪ ਹੈ।

ਭੱਟ ਨੂੰ ਹਿੰਦੀ ਭਾਸ਼ਾ ਵਿੱਚ ਚਾਰਣ ਵੀ ਕਿਹਾ ਜਾਂਦਾ ਹੈ। ਇਹ ਲੋਕ ਉਤਰ-ਪੱਛਮ ਪ੍ਰਾਂਤ ਅਤੇ ਗੁਜਰਾਤ ਵਿੱਚ ਵੱਧ ਹਨ। ਇਨ੍ਹਾ ਦੀਆਂ ਰੀਤਾਂ ਬ੍ਰਾਹਮਣਾਂ ਨਾਲ ਮਿਲਦੀਆਂ-ਜੁਲਦੀਆਂ ਹਨ। ਇਹ ਚਾਰਣ ਆਪਣੇ ਸਾਜ਼ਜੰਤਰਾਂ ਦੇ ਨਾਲ ਘੁੰਮਦੇ ਰਹਿੰਦੇ ਸਨ ਅਤੇ ਆਮ ਤੌਰ ਤੇ ਰਾਜ ਦਰਬਾਰਾਂ ਵਿੱਚ ਸਥਾਈ ਰੂਪ ਨਾਲ ਵੀ ਦਰਬਾਰੀ ਕਵੀ ਦੇ ਰੂਪ ਵਿੱਚ ਸਨਮਾਨਿਤ ਹੋ ਕੇ ਸ਼ਰਣ ਪ੍ਰਾਪਤ ਕਰਦੇ ਸਨ। ਇਨ੍ਹਾ ਦੀ ਆਰਥਿਕ ਸਥਿਤੀ ਵੀ ਚੰਗੀ ਰਹਿੰਦੀ ਸੀ। ਕਿਤੇ-ਕਿਤੇ ਇਹ ਲੋਕ ਗਾਉਣ ਦਾ ਕੰਮ ਕਰਦੇ ਸਨ। ਭੱਟਾਂ ਵਿੱਚ ਕਾਵਿ-ਰਚਨਾ ਦੀ ਪ੍ਰਤਿਭਾ ਹਮੇਸ਼ਾ ਹੀ ਅਪੇਖਿਤ ਸੀ ਅਤੇ ਅਜਿਹਾ ਵੀ ਪ੍ਰਮਾਣ ਮਿਲਦਾ ਹੈ ਕਿ ਆਮ ਤੌਰ ਤੇ ਵਿਸ਼ੇਸ਼ ਮੌਕਿਆਂ ਤੇ ਪ੍ਰਸੰਗ ਦੇ ਅਨੁਕੂਲ ਕਵਿਤਾ ਦੀ ਰਚਨਾ ਕਰਕੇ ਭੱਟਾਂ ਨੇ ਸ੍ਰੋਤਿਆਂ ਨੂੰ ਹੈਰਾਨ ਕਰ ਦਿੱਤਾ ਹੈ। ਕਾਵਿ-ਰਚਨਾ ਦੇ ਨਾਲ-ਨਾਲ ਇਨ੍ਹਾਂ ਵਿੱਚ ਸੰਗੀਤ ਸੰਬੰਧੀ ਪ੍ਰਤਿਭਾ ਵੀ ਹੁੰਦੀ ਸੀ ਜਿਸਦੀ ਸਹਾਇਤਾ ਨਾਲ ਉਹ ਆਪਣੀ ਬਾਣੀ ਵਿੱਚ ਵਿਸ਼ੇ ਦੇ ਅਨੁਕੂਲ ਪ੍ਰਭਾਵ ਉਤਪੰਨ ਕਰ ਸਕਦੇ ਸਨ।[2]

ਸਿੱਖ ਗੁਰੁਸੰਤ ਹੋਣ ਦੇ ਨਾਲ-ਨਾਲ ਸੈਨਿਕ ਵੀ ਸਨ ਅਤੇ ਇਹ ਵੀਰ ਭੇਸ ਉਨ੍ਹਾ ਨੇ ਧਰਮ ਦੀ ਰੱਖਿਆ ਦੇ ਲਈ ਵੀ ਧਾਰਨ ਕੀਤਾ ਸੀ। ਸਾਤਵਿਕਤਾ ਦੇ ਨਾਲ-ਨਾਲ ਰਾਜ ਪ੍ਰੇਮ ਦਾ ਸੁਮੇਲ ਹੋਣ ਦੇ ਕਾਰਨ ਗੁਰੂਆਂ ਦਾ ਦਰਬਾਰ ਵੀ ਰਾਜਿਆਂ ਦੇ ਦਰਬਾਰ ਦੀ ਸ਼ਾਨੋ-ਸ਼ੌਕਤ ਗ੍ਰਹਿਤ ਕਰਨ ਲੱਗਾ। ਅਜਿਹੇ ਸਮੇਂ ਵਿੱਚ ਭੱਟਾਂ ਨੂੰ ਖਾਸ ਮਹੱਤਵ ਪ੍ਰਾਪਤ ਹੋਇਆ ਕਿਉਂਕਿ ਉਨ੍ਹਾਂ ਦੀਆਂ ਰਚਨਾਵਾਂ ਵਿੱਚ ਵੀਰਾਂ ਨੂੰ ਜੰਗ ਲਈ ਉਤਸ਼ਾਹਿਤ ਕਰਨ ਦੀ ਸ਼ਕਤੀ ਹੁੰਦੀ ਸੀ। ਜੰਗ ਖੇਤਰ ਵਿੱਚ ਅਮਰ ਸ਼ਿਰਕਤ ਕਰਨ ਵਾਲੇ ਜੋਧਿਆਂ ਦੇ ਚਰਿੱਤਰ ਨੂੰ ਛੰਦ-ਬੱਧ ਕਰਕੇ ਇਹ ਪ੍ਰਤਾਪੀ ਭਾਸ਼ਾ ਵਿੱਚ ਉਨ੍ਹਾ ਦੀ ਉਸਤਤ ਕਰਦੇ ਸਨ ਅਤੇ ਵੀਰਾਂ ਵਿੱਚ ਆਤਮ-ਬਲੀਦਾਨ ਦੀ ਭਾਵਨਾ ਭਰਦੇ ਸਨ। ਇਸ ਤਰ੍ਹਾਂ ਜਿਥੇ ਰਿਸ਼ੀਆਂ ਦਾ ਖੇਤਰ ਸਿਰਫ ਕੀਰਤਨ ਤਕ ਹੀ ਸੀਮਿਤ ਸੀ, ਭੱਟਾਂ ਦਾ ਖੇਤਰ ਧਰਮ ਦੇ ਨਾਲ-ਨਾਲ ਜੰਗ ਖੇਤਰ ਤਕ ਫੈਲਿਆ ਹੋਇਆ ਸੀ। ਭੱਟਾਂ ਦੀ ਕਵਿਤਾਵਾਂ ਭਗਤੀ ਰਸ ਨਾਲ ਵੀ ਸੰਬੰਧਿਤ ਹਨ ਅਤੇ ਵੀਰ ਰਸ ਨਾਲ ਵੀ ਸੰਬੰਧਤ ਹਨ।[3]

ਵੀਰ ਕਾਵਿ ਤਿਆਰ ਕਰਨ ਅਤੇ ਗਾਇਕਾ ਦਾ ਉਹ ਵਰਗ ਜੋ ਆਪਣੀਆਂ ਉਤਸ਼ਾਹਪੂਰਨ ਰਚਨਾਵਾਂ ਅਤੇ ਉਨ੍ਹਾ ਦੇ ਗਾਇਨ ਦੁਆਰਾ ਵੀਰਾਂ ਦੇ ਮਨ ਵਿਚ ਉਤਸ਼ਾਹ ਉਤਪੰਨ ਕਰਦਾ ਅਤੇ ਆਤਮ ਬਲੀਦਾਨ ਲਈ ਪ੍ਰੇਰਿਤ ਕਰਦਾ ਸੀ, ਭੱਟ ਜਾ ਚਾਰਣ ਵਰਗ ਕਿਹਾ ਜਾਂਦਾ ਹੈ।

ਆਦਿ ਗ੍ਰੰਥ ਵਿੱਚ ਭੱਟਾਂ ਦੀ ਬਾਣੀ ਸਵੈਯੇ ਸਿਰਲੇਖ ਅਧੀਨ ਸ਼ਾਮਲ ਕੀਤੀ ਗਈ ਹੈ। ਉਦਾਹਰਨ ਸਰੂਪ:

ਅਬ ਰਾਖਹੁ ਦਾਸ ਭਾਟ ਕੀ ਲਾਜ।।

ਇਕ ਅਰਦਾਸਿ ਭਾਟ ਕੀਰਤਿ ਕੀ

ਗੁਰ ਰਾਮਦਾਸ ਰਾਖ ਸਰਣਾਈ।।[4]

ਇਹ ਵਰਗ ਗਾਇਨ ਨਾਲ ਸਿਰਫ ਸੈਨਿਕਾਂ ਨੂੰ ਉਤਸ਼ਾਹਿਤ ਹੀ ਨਹੀਂ ਕਰਦਾ ਸੀ ਸਗੋਂ ਜੰਗ- ਖੇਤਰ ਵਿੱਚ ਜੋਧਿਆਂ ਨੂੰ ਜੰਗ ਦੇ ਲਈ ਵੀ ਪ੍ਰੇਰਿਤ ਕਰਦਾ ਸੀ। ਸੰਗੀਤਕਾਰ ਹੋਣ ਦੇ ਨਾਲ-ਨਾਲ ਜੋਧੇ ਹੋਣ ਦੇ ਕਾਰਨ ਇਹ ਸਿੱਖ ਗੁਰੂਆਂ ਦੇ ਸਿੱਖ ਸੰਪ੍ਰਦਾਇ ਦੁਆਰਾ ਖਾਸ ਤੌਰ ਤੇ ਸਨਮਾਨਿਤ ਸਨ।

ਭੱਟ ਸੰਗੀਤਕਾਰ ਹੁੰਦੇ ਸਨ ਕਿਉਂਕਿ ਬਿਨਾਂ ਸੰਗੀਤ ਦੇ ਗਿਆਨ ਤੋਂ ਕਾਵਿ, ਪਾਠ ਵਿੱਚ ਇੱਛਾ ਅਨੁਸਾਰ ਭਾਵ ਉਤਪੰਨ ਨਹੀਂ ਕੀਤਾ ਜਾ ਸਕਦਾ। ਇਨ੍ਹਾ ਭੱਟਾਂ ਨੇ ਰਾਗ ਵਿਦਿਆ ਵਿਚ ਨਿਪੁੰਨ ਹੁੰਦੇ ਹੋਏ ਵੀ ਆਪਣੀਆਂ ਰਚਨਾਵਾਂ ਨੂੰ, ਜਿਨਾਂ ਨੂੰ ਵਰ ਦੇ

ਨਾਮ ਤੋਂ ਜਾਣਿਆ ਜਾਂਦਾ ਹੈ, ਸ਼ੁੱਧ ਰਾਗਾਂ ਵਿੱਚ ਰਾਗ-ਬੱਧ ਨਹੀਂ ਕੀਤਾ। ਉਨ੍ਹਾ ਨੇ ਲੋਕ ਧੁਨਾਂ ਦਾ ਰਾਗਾਂ ਵਿੱਚ ਸੁਮੇਲ ਕਰਕੇ ਆਪਣੀ ਵਾਰ ਦੀਆਂ ਧੁਨਾਂ ਨੂੰ ਜਨਮ ਦਿੱਤਾ। ਇਹ ਧੁਨਾਂ ਲੋਕ ਸਮਾਜ ਲਈ ਇੰਨੀਆਂ ਪ੍ਰਚਲਿਤ ਹੋ ਗਈਆਂ ਕਿ ਵਿਸ਼ੇਸ਼ ਵਾਰ ਨੂੰ ਉਸਦੀ ਨਿਰਧਾਰਿਤ ਧੁਨ ਤੋਂ ਇਲਾਵਾ ਹੋਰਨਾਂ ਧੁਨਾਂ ਵਿੱਚ ਗਾਉਣਾ ਮਨ੍ਹਾ ਸੀ। ਇਸ ਪ੍ਰਕਾਰ ਧੁਨਾਂ ਦਾ ਉਸ ਵਿਚ ਵਰਣਨ ਕੀਤੇ ਗਾਇਕ ਦੇ ਨਾਮ ਤੇ ਹੀ ਨਾਮਕਰਣ ਕਰ ਦਿੱਤਾ ਗਿਆ।[5] ਲੋਕ-ਧੁਨਾਂ ਤੇ ਹੋਣ ਦੇ ਕਾਰਨ ਇਹ ਧੁਨ ਜਨਤਾ ਨੂੰ ਚੰਗੀ ਪ੍ਰਤੀਤ ਹੋਈ ਅਤੇ ਘਰ-ਘਰ ਵਿੱਚ ਗਾਈ ਜਾਣ ਲੱਗੀ। ਗੁਰੂਅਰਜਨ ਦੇਵ ਜੀ ਨੇ ਗੁਰੂਰਚੈਤਾ ਵਾਰਾਂ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਕੀਤਾ। ਉਸ ਸਮੇਂ ਦੇ ਰਾਗ ਦੇ ਨਾਮ ਦੇ ਨਾਲ-ਨਾਲ ਇਨ੍ਹਾ ਧੁਨਾਂ ਦਾ ਨਾਮ ਵੀ ਅੰਕਿਤ ਹੈ। ਇਹ ਧੁਨਾਂ ਬਹੁਤ ਜੋਸ਼ ਦਿਵਾਉਣ ਵਾਲੀਆਂ ਸਨ। ਇਸ ਲਈ ਸਮੇਂ ਦੇ ਪਰਿਵਰਤਨ ਵਿਚ ਸਿੱਖਾਂ ਦੁਆਰਾ ਧਰਮ ਰੱਖਿਆ ਹਿੱਤ ਸ਼ਸਤਰ ਗ੍ਰਹਿਣ ਕਰਨ ਤੇ ਇਨ੍ਹਾਂ ਧੁਨਾਂ ਦਾ ਮਹੱਤਵ ਹੋਰ ਵੀ ਵੱਧ ਗਿਆ। ਵਰਤਮਾਨ ਸਮੇਂ ਵਿੱਚ ਵੀ ਗੁਰੂਗ੍ਰੰਥ ਸਾਹਿਬ ਵਿੱਚ ਸੰਕਲਿਤ ਵਾਰਾਂ ਰਾਗਾਂ ਅਤੇ ਧੁਨਾਂ ਦੋਹਾਂ ਹੀ ਰੂਪਾਂ ਵਿੱਚ ਗਾਈਆਂ ਜਾਂਦੀਆਂ ਹਨ। ਇਨ੍ਹਾ ਵਾਰਾਂ ਦੀ ਸੰਖਿਆ 22 ਹੈ ਜੋ 17 ਰਾਗਾਂ ਵਿੱਚ ਹਨ। ਇਨ੍ਹਾ ਵਿਚੋਂ ਸਿਰਫ ਨੌ ਤੇ ਹੀ ਧੁਨਾਂ ਦੇ ਨਾਮ ਅੰਕਤ ਹਨ।[6]

ਇਹ ਭੱਟ ਕਿੰਨੇ ਸਨ ਅਤੇ ਕਿਸ ਗੁਰੂਦੇ ਸਮੇਂ ਵਿੱਚ ਆਏ ਸਨ, ਇਸ ਵਿਸ਼ੇ ਤੇ ਵਿਦਵਾਨਾਂ ਵਿਚ ਮੱਤਭੇਦ ਹੈ। ਕੁਝ ਪ੍ਰਸਿੱਧ ਇਤਿਹਾਸਕਾਰਾਂ ਦੇ ਅਨੁਸਾਰ ਇਨ੍ਹਾ ਦੀ ਗਿਣਤੀ 9 ਸੀ ਪਰੰਤੂਕੁਝ ਵਿਦਵਾਨਾਂ ਨੇ ਇਨ੍ਹਾ ਦੀ ਗਿਣਤੀ 21 ਤੱਕ ਦੱਸੀ ਹੈ।

ਪ੍ਰੋ. ਸਾਹਿਬ ਸਿੰਘ ਦੀ ਰਾਏ ਅਨੁਸਾਰ ਜਿਸ ਸਮੇਂ ਸ੍ਰੀ ਗੁਰੂਰਾਮਦਾਸ ਜੀ ਜੋਤੀ ਜੋਤਿ ਸਮਾਏ ਅਤੇ ਗੁਰੂਅਰਜਨ ਦੇਵ ਜੀ ਦੀ ਦਸਤਾਰ-ਬੰਦੀ ਦੀ ਰਸਮ ਹੋਈ, ਉਸ ਸਮੇਂ ਦੂਰ-ਦੂਰ ਤੋਂ ਸਿੱਖ ਸੰਗਤਾਂ ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾਂ ਲਈ ਆਈਆਂ। ਇਨ੍ਹਾ ਦਿਨਾਂ ਵਿੱਚ ਭੱਟ ਵੀ ਸੰਗਤਾਂ ਦੇ ਨਾਲ ਗੋਇੰਦਵਾਲ ਆਏ। ਦਰਸ਼ਨਾਂ ਉਪਰੰਤ ਗੁਰੂਜੀ ਦੀ ਉਸਤਤ ਕਰਨ ਦਾ ਮਨ ਕੀਤਾ। ਗੁਰੂਜੀ ਦੀ ਸਖਸ਼ੀਅਤ ਤੋਂ ਇਹ ਭੱਟ ਇੰਨੇ ਪ੍ਰਭਾਵਿਤ ਹੋਏ ਕਿ ਗੁਰੂਉਸਤਤ ਵਿਚ ਸਵੈਯੇ ਉਚਾਰੇ, ਜਿਨ੍ਹਾਂ ਨੂੰ ਬਾਅਦ ਵਿੱਚ ਗੁਰੂ ਅਰਜਨ ਦੇਵ ਜੀ ਨੇ (ਸ੍ਰੀ ਮੁਖਵਾਕ) ਸਵੈਯੇ ਸਮੇਤ ਗੁਰੂਗ੍ਰੰਥ ਸਾਹਿਬ ਵਿੱਚ ਸ਼ਾਮਲ ਕੀਤਾ।[7]

ਇਹ ਸਾਖੀ ਇਨ੍ਹਾ ਭੱਟਾਂ ਦੀ ਬਾਣੀ ਤੋਂ ਹੀ ਮਿਲ ਜਾਂਦੀ ਹੈ। ਭੱਟ ਨਲ ਗੋਇੰਦਵਾਲ ਦੀ ਉਸਤਤ ਕਰਦਾ ਹੈ ਅਤੇ ਭੱਟ ਹਰਿਬੰਸ ਗੁਰੂਰਾਮਦਾਸ ਜੀ ਦੇ ਦੇਵਪੁਰੀ ਵਿਚ ਜਾਨ ਅਤੇ ਗੁਰੂਅਰਜਨ ਦੇਵ ਜੀ ਦੇ ਸਿਰ ਗੁਰਿਆਈ ਦਾ ਛੱਤਰ ਝੂਲਣ ਦਾ ਜਿਕਰ ਕਰਦਾ ਹੈ। ਜਿਨ੍ਹਾਂ ਭੱਟਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ:-

1) ਕਲਸਹਾਰ (ਜਿਸਦਾ ਦੂਸਰਾ ਨਾਮ ਕਲ ਅਤੇ ਨਲ ਹੈ)

2) ਜਾਲਪ (ਜਿਸਦਾ ਦੂਸਰਾ ਨਾਮ ਜਲ ਹੈ)

| | | | |
|---|---|---|---|
| 3) | ਕੀਰਤ | 4) | ਭੀਖਾ |
| 5) | ਸਲ | 6) | ਭੱਲ |
| 7) | ਨੱਲ | 8) | ਗਯੰਦ |
| 9) | ਮਥੁਰਾ | 10) | ਬਲ |
| 11) | ਹਰਿਬੰਸ | | |

ਕਲਸਹਾਰ ਭੱਟਾਂ ਦਾ ਪ੍ਰਧਾਨ ਸੀ, ਇਹ ਸਾਰੇ ਮਿਲ ਕੇ ਹੀ ਗੁਰੂਅਰਜਨ ਦੇਵ ਜੀ ਦੇ ਪਾਸ ਆਏ ਸਨ।

ਸਵੈਯਾਂ 'ਚ ਸਿਰਫ ਗੁਰੂਦੀ ਪ੍ਰਸੰਸਾ ਕੀਤੀ ਗਈ ਹੈ। ਗੁਰੂਦੀ ਉਪਮਾ ਕਰਦੇ ਸਮੇਂ ਗੁਰੂਵਿਅਕਤੀ ਦੀ ਉਪਮਾ ਹੋਣੀ ਸੁਭਾਵਿਕ ਗੱਲ ਹੈ ਜੋ ਇਨ੍ਹਾ ਨੇ ਗੁਰੂਨਾਨਕ ਸਾਹਿਬ ਤੋਂ ਲੈ ਕੇ ਗੁਰੂਅਰਜਨ ਸਾਹਿਬ ਤੱਕ ਹਰੇਕ ਗੁਰੂਮਹੱਲੇ ਦੀ ਪ੍ਰਸੰਸਾ ਉਚਾਰੀ ਹੈ।

ਸ੍ਰੀ ਕੇ.ਐਨ. ਦੁੱਗਲ ਨੇ ਭੱਟਾਂ ਦੀ ਗਿਣਤੀ ਅਤੇ ਨਾਮ ਬਾਰੇ ਇਸ ਪ੍ਰਕਾਰ ਕਿਹਾ ਹੈ:-

Besides some of the panegyrics composed by Bhatas Ministrels in the

employ of the Gurus, are also included in the Holy Granth, they are Kalshar, Jalap, Kirat, Bhikha, Sallh, Bhallh, Nallh, Bullh, Gyand, Mathura and Harbans Baba Sunder though not a Bhat also fingers along with them.[8]

ਇੱਕ ਹੋਰ ਪੰਜਾਬੀ ਵਿਦਵਾਨ ਦੇ ਅਨੁਸਾਰ, ''ਰਾਇ ਭੱਟ ਉਹ ਜਾਤ ਹੈ ਜੋ ਆਪਣੀ ਸੂਖਮ ਪਾਰਖੂਸੂਝ ਨਾਲ ਕਿਸੇ-ਕਿਸੇ ਵਿਅਕਤੀ ਦੇ ਗੁਣਾਂ ਨੂੰ ਪਰਖਦੀ ਹੈ ਅਤੇ ਫਿਰ ਗਾਇਣ ਕਰਦੀ ਹੈ। ਇਸ ਜਾਤ ਦੇ ਕੁਝ ਵਿਦਵਾਨ ਭੱਟ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਵਿਚ ਆ ਕੇ ਸਿੱਖ ਬਣੇ ਸੀ। ਫਿਰ ਆਪਣੇ ਨਿੱਜੀ ਅਨੁਭਵ ਦੇ ਆਧਾਰ ਤੇ ਸਤਿਗੁਰੂਆਂ ਦੇ ਵਿਸ਼ੇਸ਼ ਗੁਣਾਂ ਨੂੰ ਗਾਇਆ।[9]

ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਲਿਖਦੇ ਹਨ ਕਿ ਭੱਟ ਜਿਨ੍ਹਾਂ ਨੂੰ ਢਾਡੀ ਵੀ ਕਿਹਾ ਜਾਂਦਾ ਸੀ, ਗੁਰੂਦਰਬਾਰ ਵਿਚ ਵਾਰਾਂ ਦਾ ਗਾਇਣ ਕਰਦੇ ਹੁੰਦੇ ਸੀ।

ਇਸ ਪ੍ਰਕਾਰ ਅਸੀ ਵੇਖਦੇ ਹਾਂ ਕਿ ਸਿੱਖ ਕੀਰਤਨ-ਪ੍ਰਣਾਲੀ ਵਿਚ ਨਾ ਸਿਰਫ ਮਿਰਾਸੀਆਂ ਦਾ ਯੋਗਦਾਨ ਹੈ, ਬਲਕਿ ਭੱਟਾਂ ਨੇ ਵੀ ਸਿੱਖ ਕੀਰਤਨ ਤੇ ਆਪਣੀ ਇੱਕ ਵਿਸ਼ੇਸ਼ ਛਾਪ ਛੱਡੀ ਹੈ।

ਇਹ ਸਾਰੇ ਵਿਦਵਾਨ ਉਚ ਕੋਟੀ ਦੇ ਪੰਡਿਤ ਹੋਏ ਹਨ, ਇਹ ਆਪਣੇ ਸਮੇਂ ਦੇ ਰਾਜਿਆਂ ਮਹਾਰਾਜਿਆਂ, ਸਮਰਾਟਾਂ, ਬਾਦਸ਼ਾਹਾਂ, ਅਹਿਲਕਾਰਾਂ, ਸੂਰਬੀਰ-ਯੋਧਿਆਂ ਦੇ ਮਹਾਨ ਕਾਰਨਾਮਿਆਂ ਦੀ ਪ੍ਰਸੰਸਾ, ਵਡਿਆਈ, ਸੁਹਿਲੇ ਗਾਉਂਦੇ ਸਨ, ਸ਼ਾਹੀ ਦਰਬਾਰਾਂ ਤੋਂ ਮਾਨ ਸਨਮਾਨ, ਸੁਗਾਤਾਂ, ਤੋਹਫੇ ਜਾਂ ਭੇਟਾ ਪ੍ਰਾਪਤ ਕਰਦੇ। ਇਨ੍ਹਾ 11 ਭੱਟਾਂ ਵੱਲੋਂ 5 ਗੁਰੁਸਾਹਿਬਾਨ ਦੀ ਮਹਿਮਾ ਗਾਇਨ ਕੀਤੀ ਗਈ। ਇਹਨਾਂ ਨੇ ਗੁਰੂਦਰਬਾਰਾਂ ਵਿੱਚ ਹਾਜ਼ਰੀਆਂ ਭਰੀਆਂ, ਗੁਰੂ ਜੀ ਤੋਂ ਨਾਮ ਦਾਨ ਦੀ ਬਖਸ਼ਿਸ਼ ਪ੍ਰਾਪਤ ਕੀਤੀ, ਪਾਰਬ੍ਰਹਮ ਪਰਮੇਸ਼ਰ ਦਾ ਭਰਪੂਰ ਗਿਆਨ ਪ੍ਰਾਪਤ ਕੀਤਾ, ਆਪਣੀ ਹਉਮੈ ਖਤਮ ਕਰਕੇ ਸਬਰ-ਸੰਤੋਖ ਵਾਲਾ ਗੁਰਸਿੱਖਾਂ ਵਾਲਾ ਜੀਵਨ ਬਤੀਤ ਕੀਤਾ। ਇਨ੍ਹਾਂ ਦੇ ਕੁੱਲ 123 ਸਵੈਯੇ ਹਨ। ਜੋ ਸ੍ਰੀ ਗੁਰੂਗ੍ਰੰਥ ਸਾਹਿਬ ਵਿੱਚ ਪੰਨਾ 1389 ਤੋਂ 1409 ਤੱਕ ਸੁਭਾਇਮਾਨ ਹਨ। ਗੁਰੂ ਦੀ ਮਹਿਮਾ ਦਰਸਾਈ ਹੈ। ਸ੍ਰੀ ਗੁਰੂਅਰਜਨ ਦੇਵ ਜੀ ਨੇ ਸ੍ਰੀ ਗੁਰੂਗ੍ਰੰਥ ਸਾਹਿਬ ਪੋਥੀ ਪਰਮੇਸ਼ਰ ਦਾ ਸੰਕਲਨ ਕਰਨ ਸਮੇਂ ਇਨ੍ਹਾਂ ਮਹਾਨ ਭੱਟਾਂ ਦੇ ਸਵਯੇ ਆਪ ਭਾਈ ਗੁਰਦਾਸ ਜੀ ਪਾਸੋਂ ਲਿਖਵਾ ਕੇ ਦਰਜ ਕਰਵਾਏ ਹਨ। ਗੁਰੂਜਸ ਕਰਨ ਨਾਲ ਆਤਮਾ ਬਲਵਾਨ ਹੋ ਜਾਂਦੀ ਹੈ। ਸਤੰਬਰ 1, ਸੰਨ 1604 ਵਿੱਚ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਦੇ ਦਰਬਾਰ ਹਾਲ ਵਿੱਚ ਕੀਤਾ ਗਿਆ ਤਾਂ ਗੁਰੂਅਰਜਨ ਦੇਵ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਹਾਜ਼ਰੀ ਵਿੱਚ ਵੀ ਭੱਟਾਂ ਦੇ ਸਵਯੇ ਦਾ ਉਚਾਰਨ ਕੀਤਾ ਗਿਆ ਸੀ। ਇਹੀ ਪਵਿੱਤਰ ਮਰਯਾਦਾ, ਗੁਰੂਜੀ ਦੇ ਸਮੇਂ ਤੋਂ ਹੁਣ ਤੱਕ ਵੀ ਹਰ ਰੋਜ਼ ਅੰਮ੍ਰਿਤ ਵੇਲੇ ਸ੍ਰੀ ਗੁਰੂਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਸਮੇਂ ਭੱਟਾਂ ਦੇ ਸਵਯੇ ਪੜ੍ਹੇ ਜਾਂਦੇ ਹਨ।ਹਵਾਲੇ ਅਤੇ ਟਿੱਪਣੀਆਂ

1. ਭੱਟਾਂ ਦੇ ਸਵੱਈਏ ਸਟੀਕ, ਪ੍ਰੋ. ਸਾਹਿਬ ਸਿੰਘ, ਪੰਨਾ 9
2. ਸਿੰਘ ਸਭਾ ਪਤ੍ਰਿਕਾ, ਫਰਵਰੀ 1928, ਪੰਨਾ 63
3. ਸਿੱਖ ਗੁਰਦੁਆਰੋਂ ਕੇ ਹਰੀ ਕੀਰਤਨ ਮੇਂ ਸ਼ਾਸਤਰੀਯ ਸੰਗੀਤ ਕੀ ਪਰੰਪਰਾ, ਡਾ. ਅਜੀਤ ਸਿੰਘ ਪੇਂਟਲ, ਪੰਨਾ 137
4. ਸ੍ਰੀ ਗੁਰੂਗ੍ਰੰਥ ਸਾਹਿਬ, ਸਵੱਈਏ ਮਹਲੇ ਚਉਥੇ ਕੇ, ਪੰਨਾ 1400-1405
5. ਸ੍ਰੀ ਗੁਰੂਗ੍ਰੰਥ ਸਾਹਿਬ, ਪੰਨਾ 137
6. ਏ ਹਿਸਟਰੀ ਆਫ਼ਦੀ ਸਿਖਸ, ਜੇ.ਡੀ. ਕਨਿੰਘਮ, ਅਪੈਂਡਿਕਸ 17, ਪੰਨਾ 324
7. ਭੱਟਾਂ ਦੇ ਸਵੱਈਏ ਸਟੀਕ, ਪ੍ਰੋ. ਸਾਹਿਬ ਸਿੰਘ, ਪੰਨਾ 83
8. The Sikh Gurus, K.S. Duggal, pp. 224-225
9. ਗੁਰੂਅਰਜਨ ਜੀਵਨ ਤੇ ਰਚਨਾ, ਭਾਸ਼ਾ ਵਿਭਾਗ, ਪੰਜਾਬ, ਪੰਨਾ 46

ਮੁੱਖੀ,, ਸੰਗੀਤ ਵਿਭਾਗ ਗਾਇਨ, ਖਾਲਸਾ ਕਾਲਜ ਫਾਰ ਵਿਮੈਨ, ਅੰਮ੍ਰਿਤਸਰ।

# Author and Musician Raja Mrigendra Singh: 1929 - 2014

**Dr. Bhai HARBANS LAL**

Raja Mrigendra Singh, a son of Late Maharaja Bhupendra Singh of the erstwhile royal family of Patiala, passed away on March 24, 2014 at the age of 85. He was brother of Yadavindra Singh, the last Maharaja of Patiala.

He was ailing in a New York hospital for two-months before his last breath.

Raja ji, as his friends and admirers called him, was a scion of the Sikh Royal Family of Patiala, a family that exerted a determining influence of the Sikhs far beyond its borders.

What is another unique aspect of Mrigendra Singh's loss is that he was a leading torch-bearer of the Nirmala tradition in the West. In that position he was promoting traditional renditions of Sikh Scriptures and their exegesis, besides Patiala Gharana musical tradition of Gurbani Kirtan, in the English language. He was among the very few who were able to write and teachNirmala tradition in English language.

He confided in me once that this was his sole purpose to migrate to USA, to pursue studies of theology and musicology in the English language. He joined Yale University to be fluent in theological lingua in English.

According to Sikh tradition, Guru Gobind Singh sent a group of Sikhs to Benares, where Hindu Brahmins held a strangle-hold monopoly on the study of scriptures, for the express purpose of acquiring knowledge about all extant theologies in order to establish institutions of higher learning in Gurmat and comparative religion within the Sikh community.

Upon their return, Guru Gobind Singh gave these newly formulated Sikh schools the title '*nirmala*', literally 'immaculate' or 'without blemish.”

When Guru Sahib left for South India, he put the Nirmala institutions under

the supervision of Bhai Dharam Singh and Bhai Daya Singh (two of the First *Punj Pyarey*). Many of the Sikh scholars of the 19th century were products of these institutions.

Nirmalas were scholars of the languages, music systems and writings of the subcontinent, and have been amongst the primary sources of religious learning in our community ever since.

However, it wasn't until Mrigendra Singh migrated oversees to establish himself as a Nirmala Sikh scholar that the first serious inroad was made into exposing the Nimala tradition Sikh formations to the West.

He was already fluent in English while in Punjab but acquired the western methodology of religious studies in a number of North American educational institutions.

Mrigendra Singh came to USA in 1972 on a scholarship to Yale University Divinity School. He lived in New York for over 40 years. There, he became a teacher of the Sikh Religion and its music of the Patiala Gharana.

I was living in Rhode Island several years ago, when I had the good fortune of meeting him. We continued our friendship thereafter through visits and correspondence.

I learned a lot from him and found him to be a walking library of Sikh theology, history and traditions.

He had superb memory. I took notes of our many conversations on the traditions of Panth, and on subjects such as the Khalsa, Sehajdhari Sikhs, and the religions of South Asia, as well as delved into translations of certain difficult verses in Gurbani. I also have six hours of video recordings on his understanding of the Mool Mantar, the commencing verses of the Guru Granth Sahib.

Someday, I hope to edit and share them.

We had plans to record his interpretation of the *Siddh Gosht*, but it remains incomplete. He also sent me a number of his yet unpublished papers to review.

I also had privilege of personally listening to kirtan sung by him in the musical forms that had been handed down from the times of the Gurus.

Mrigendra Singh had earned a Ph D from *Guru Nanak University* in Amritsar, following a Master's in Music from the *Gandharv Maha Vidyalay*, Bombay. He was trained in special fields of classical music. Bhai Mehboob Ali of the Patiala

Gharana trained him in the Sitar, Sur-Bahar and Veena. Akhtar Hussein Khan, also of the Patiala Gharana, trained him in vocals. There were many other royal court musicians who constantly guided him in honing his musical skills.

He was the recipient of many prestigious honours and awards, including the Sangeet Natak Academy Tagore Fellowship and the Honor Bukhara by King Mohammed Zahir Shah of Afghanistan.

His concerts were highlights of events such as the Bhai Mardana Music Conference and the Mughal Sur-Bahar Concert. He inaugurated the *Guru Ram Das Sangeet Vidyala* at Amritsar.

He published books such as '*Shri Jaap Nishaan*', '*The Patiala Gharana Music Tradition*', '*Patiala Gharane ka Sangit ka Udgam aur Vikas*'', '*North India's Patiala Classical Musical Traditions*', '*Mughal Shahi Gavaiya Khan Sahib Tan-Ras Khan*', and many research papers on the music of the subcontinent.

The first volume of his monumental work on the translations of the *Japji Sahib* -- in accordance with the Nirmala tradition -- was published by Punjabi University in March 2014.

Raja Mrigendra Singh is survived by his wife of almost 60-years, Rani Harinder Kaur, four children and several grandchildren. Guru Panth will certainly miss Raja ji in times to come.

Harbans Lal, Japji08@yahoo.com

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਗੁਰਮਤਿ ਸੰਗੀਤ ਵਿੱਚ ਤਬਲੇ ਦਾ ਸਥਾਨ

**ਇਕਵਾਕ ਸਿੰਘ ਪੱਟੀ**

ਸੰਗੀਤ ਗਾਇਨ, ਵਾਦਨ ਅਤੇ ਨ੍ਰਿਤ ਤਿੰਨਾਂ ਕਲਾਵਾਂ ਦਾ ਸੁਮੇਲ ਹੈ। ਤਾਲ, ਸੰਗੀਤ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਰੱਖਦਾ ਹੈ, ਜਿਸਦੀ ਗਵਾਹੀ ਸੰਗੀਤ ਰਤਨਾਕਰ ਗ੍ਰੰਥ ਵਿੱਚ ਇਸ ਤਰ੍ਹਾਂ ਮਿਲਦੀ ਹੈ:

'ਗੀਤਮ ਵਦਿਅਮ ਤਥਾ ਨ੍ਰਿਤਯਮ ਯਤਸਤਾਲੇ ਪ੍ਰਤਿਸਠਿਤਮ'

ਜਿਵੇਂ ਇੱਕ ਹਨੇਰੇ ਘਰ ਵਿੱਚ ਰੋਸ਼ਨੀ ਕੀਤੇ ਬਗੈਰ ਉਸਦੀ ਸੁੰਦਰਤਾ ਦਾ ਸਹਿਜ ਨਹੀਂ ਲਗਾਇਆ ਜਾ ਸਕਦਾ ਅਤੇ ਰੋਸ਼ਨੀ ਲਈ ਚਿਰਾਗ ਦੀ ਜ਼ਰੂਰਤ ਪੈਂਦੀ ਹੈ, ਬਿਲਕੁੱਲ ਇਸੇ ਤਰ੍ਹਾਂ ਸੰਗੀਤ ਵਿੱਚ ਤਾਲ ਇੱਕ ਚਿਰਾਗ ਦੀ ਤਰ੍ਹਾਂ ਕੰਮ ਕਰਦਾ ਹੈ। ਇਸੇ ਤਰ੍ਹਾਂ ਤਬਲਾ ਸਾਜ ਇੱਕ ਤਾਲ ਸਾਜ ਹੈ ਅਤੇ ਇਸਦੇ ਸਾਥ ਤੋਂ ਬਿਨ੍ਹਾਂ ਸੰਗੀਤ ਅਧੂਰਾ ਲੱਗਦਾ ਹੈ।

ਭਾਰਤੀ ਸੰਗੀਤ ਦੀ ਤਰ੍ਹਾਂ ਗੁਰਮਤਿ ਸੰਗੀਤ ਵਿੱਚ ਵੀ ਤਬਲੇ ਨੂੰ ਅਹਿਮ ਸਥਾਨ ਪ੍ਰਾਪਤ ਹੋਇਆ ਹੈ। ਗੁਰਮਤਿ ਸੰਗੀਤ ਵਿੱਚ ਇਸਨੂੰ (ਜੋੜੀ) ਵੀ ਕਿਹਾ ਜਾਂਦਾ ਹੈ। ਇਸਦੀ ਸਿਖਲਾਈ ਲਈ ਗੁਰਮਤਿ ਦੇ ਖੇਤਰ ਵਿੱਚ ਕਈ ਅਕੈਡਮੀਆਂ, ਟਕਸਾਲਾਂ ਅਤੇ ਵਿਸ਼ੇਸ਼ ਕਾਲਜ ਵੀ ਸਥਾਪਿਤ ਕੀਤੇ ਗਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਕਾਸ਼ੀ, ਬਠਿੰਡਾ, ਗੁਰਮਤਿ ਸੰਗੀਤ ਅਕੈਡਮੀ ਅਨੰਦਪੁਰ ਸਾਹਿਬ, ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਤੋਂ ਇਲਾਵਾ ਬੁੱਢਾ ਜੋਹੜ ਰਾਜਸਥਾਨ ਵਿਖੇ ਤਬਲਾ ਸਿਖਲਾਈ ਲਈ ਵਿਸ਼ੇਸ਼ ਵਿਦਿਆਲੇ ਚੱਲ ਰਹੇ ਹਨ। ਸਿੱਖ ਮਿਸ਼ਨਰੀ ਕਾਲਜ (ਰਜਿ:) ਲੁਧਿਆਣਾ ਵੱਲੋਂ, 20 ਅਪ੍ਰੈਲ 1995 ਤੋਂ ਸਿਖ ਮਿਸ਼ਨਰੀ ਕਾਲਜ, ਅਨੰਦਪੁਰ ਸਾਹਿਬ ਵਿਖੇ ਬਕਾਇਦਾ ਕੀਰਤਨ ਸਿਖਲਾਈ, ਤਿੰਨ ਸਾਲਾ ਪ੍ਰਚਾਰਕ ਡਿਪਲੋਮਾ ਅਤੇ ਤਬਲੇ ਦੇ ਵਿਸ਼ੇ ਤੇ ਵੀ 3 ਸਾਲਾ ਰੈਗੂਲਰ ਕੋਰਸ ਸ਼ੁਰੂ ਕੀਤਾ ਹੋਇਆ ਹੈ, ਜੋ ਨਿਰੰਤਰ ਜਾਰੀ ਹੈ ਅਤੇ ਇੱਥੋਂ ਦੇ ਕਈ ਸਿੱਖਿਆ ਪ੍ਰਾਪਤ ਤਬਲਾ ਵਾਦਕ ਆਪਣੀ ਕਲਾ ਦਾ ਪ੍ਰਦਰਸ਼ਨ ਦੇਸ਼-ਵਿਦੇਸ਼ ਵਿੱਚ ਕਰ ਰਹੇ ਹਨ। ਹੱਥਲੀ ਕਿਤਾਬ ਦੇ ਲੇਖਕ ਨੇ ਵੀ ਅਗਸਤ 2001 ਜੁਲਾਈ 2004 ਤੱਕ ਇਸੇ ਕਾਲਜ ਤੋਂ ਪ੍ਰੋ. ਬਲਜੀਤ ਸਿੰਘ ਜੀ ਪਾਸੋਂ ਤਬਲੇ ਦੀ ਸਿੱਖਿਆ ਪ੍ਰਾਪਤ ਕੀਤੀ ਹੋਈ ਹੈ। ਇਸ ਤੋਂ ਇਲਾਵਾ ਭੋਰ ਸੈਦਾਂ, ਕੁਰਕਸ਼ੇਤਰ ਵਿੱਚ ਵੀ ਸਿੱਖ ਮਿਸ਼ਨਰੀ ਕਾਲਜ ਆਪਣੀ

ਵਿਸ਼ੇਸ਼ ਭੂਮਿਕਾ ਗੁਰਮਤਿ ਸੰਗੀਤ ਸਿੱਖਿਆ ਦੇ ਪ੍ਰਚਾਰ ਲਈ ਨਿਭਾਅ ਰਿਹਾ ਹੈ। ਦਮਦਮੀ ਟਕਸਾਲ ਵੱਲੋਂ ਵੀ ਕਈ ਗੁਰਮਤਿ ਵਿਦਿਆਲਿਆਂ ਰਾਹੀਂ ਸੰਗੀਤ (ਹਰਮੋਨੀਅਮ) ਨਾਲ ਤਬਲੇ ਦੀ ਸਿੱਖਿਆ ਮੰਨੇ-ਪ੍ਰਮੰਨੇ ਉਸਤਾਦਾਂ ਦੀ ਮੱਦਦ ਨਾਲ ਤਬਲਾ ਸਿੱਖਿਆਰਥੀਆਂ ਨੂੰ ਦਿੱਤੀ ਜਾ ਰਹੀ ਹੈ।

ਗੁਰਮਤਿ ਸੰਗੀਤ ਵਿੱਚ ਤਬਲਾ, ਗਾਇਨ ਦੇ ਅੰਤਰਗਤ ਰਹਿ ਕੇ ਵਜਾਇਆ ਜਾਂਦਾ ਹੈ ਅਤੇ ਕੀਰਤਨ ਵਿੱਚ ਤਬਲੇ ਦੀ ਸੰਗਤ ਨੂੰ ਇੱਕ ਤਾਲ ਸਾਜ ਵੱਜੋਂ ਪ੍ਰਯੋਗ ਵਿੱਚ ਲਿਆਂਦਾ ਜਾਂਦਾ ਹੈ। ਗੁਰਮਤਿ ਸੰਗੀਤ ਵਿੱਚ ਪੜਤਾਲ ਸ਼ੈਲੀ ਦੌਰਾਨ ਤਬਲੇ ਦਾ ਵਾਦਨ ਬਹੁਤ ਹੀ ਬਾਖੂਬੀ ਅਤੇ ਵਿਧੀ ਪੂਰਵਕ ਕੀਤਾ ਜਾਂਦਾ ਹੈ।

ਕੀਰਤਨ ਆਰੰਭ ਕਰਨ ਵੇਲੇ ਮੰਗਲਚਰਣ ਪੇਸ਼ ਕਰਦੇ ਹੋਏ ਵਿਲੰਬਿਤ ਲੈਅ ਵਿੱਚ ਭਰਵੇਂ ਬੋਲਾਂ ਨਾਲ ਅਤੇ ਕਈ ਵਾਰ ਖੁੱਲੇ ਪਰ ਗੰਭੀਰ ਬੋਲਾਂ ਦੀ ਵਰਤੋਂ ਨਾਲ ਇੱਕ ਵਿਸ਼ੇਸ਼ ਮਾਹੌਲ ਸਿਰਜਿਆ ਜਾਂਦਾ ਹੈ। ਕੀਰਤਨ ਦੌਰਾਨ ਪੁਰਤਾਨ ਸਮੇਂ ਵਿੱਚ ਤਾਂ 4-5 ਜਾਂ ਇਸ ਤੋਂ ਵੱਧ ਕੀਰਤਨੀਆਂ ਦੀ ਇੱਕ ਮੰਡਲੀ ਵੱਲੋਂ ਸਾਂਝੇ ਰੂਪ ਵਿੱਚ ਬੈਠ ਕੇ ਕੀਰਤਨ ਕਰਨ ਦਾ ਜ਼ਿਕਰ ਵੀ ਮਿਲਦਾ ਹੈ, ਪਰ ਸਮੇਂ ਨਾਲ ਇਸ ਵਿੱਚ ਬਦਲਾਅ ਆਇਆ ਅਤੇ ਮੌਜੂਦਾ ਦੌਰ ਵਿੱਚ ਕੇਵਲ ਤਿੰਨ ਵਿਅਕਤੀਆਂ ਵੱਲੋਂ ਹੀ ਕੀਰਤਨ ਕੀਤਾ ਜਾਂਦਾ ਹੈ, ਜਿਨ੍ਹਾਂ ਵਿੱਚੋਂ ਇੱਕ ਤਬਲਾ ਵਾਦਕ ਹੁੰਦਾ ਹੈ, ਜੋ ਤਾਲ ਅਤੇ ਲੈਅ ਦਿੰਦਾ ਹੈ। ਗੁਰਮਤਿ ਸੰਗੀਤ ਵਿੱਚ ਤਬਲਾ ਵਾਦਕ, ਗਾਇਨ ਵੀ ਕਰ ਸਕਦਾ ਹੈ। ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਜਾਂ ਹੋਰ ਇਤਿਹਾਸਕ ਗੁਰਦੁਆਰਾ ਸਾਹਿਬਾਨਾਂ ਵਿੱਚ ਅੰਮ੍ਰਿਤ ਵੇਲੇ ਕੀਰਤਨ ਦੌਰਾਨ ਜਦ ਆਸਾ ਕੀ ਵਾਰ (ਵਾਰ ਆਸਾ) ਦਾ ਕੀਰਤਨ ਕੀਤਾ ਜਾਂਦਾ ਹੈ ਤਾਂ ਉਸ ਵਿੱਚ ਪਉੜੀਆਂ ਦਾ ਗਾਇਨ ਤਬਲਾ ਵਾਦਕ ਹੀ ਕਰਦਾ ਹੈ। ਇਸ ਨੂੰ ਪਉੜੀ ਸਾਧਨਾ ਵੀ ਕਿਹਾ ਜਾਂਦਾ ਹੈ। ਇਸਤੋਂ ਪਹਿਲਾਂ ਉਹ ਪਉੜੀ ਤਾਲ ਦਾ ਪ੍ਰਦਰਸ਼ਨ ਵੀ ਕਰਦਾ ਹੈ, ਪਰ ਉਸ ਵੇਲੇ ਪਾਉੜੀ ਦਾ ਗਾਇਨ ਮੁੱਖ ਰਾਗੀ ਕਰਦਾ ਹੈ।

ਗੁਰਮਤਿ ਸੰਗੀਤ ਵਿੱਚ ਤਬਲਾ ਵਾਦਕ ਲਈ ਇੱਕ ਨਿਯਮਾਵਲੀ ਇਹ ਰੱਖੀ ਗਈ ਹੈ ਕਿ ਸ਼ਬਦ ਗਾਇਨ ਦੌਰਾਨ ਤਬਲਾ ਵਾਦਕ ਆਪਣੀ ਕਲਾ ਦਾ ਪ੍ਰਦਰਸ਼ਨ ਨਾ ਕਰੇ, ਤਾਂਕਿ ਇਲਾਹੀ ਬਾਣੀ ਜਿਸਦਾ ਕੀਰਤਨ ਕੀਤਾ ਜਾ ਰਿਹਾ ਹੈ, ਉਸ ਵਿੱਚੋਂ ਕੀਰਤਨ ਸਰਵਣ ਕਰ ਰਹੀ ਸੰਗਤ ਦਾ ਧਿਆਨ ਨਾ ਉਖੜੇ। ਇਸਦਾ ਇਹ ਮਤਲਬ ਵੀ ਨਹੀਂ ਲਿਆ ਜਾ ਸਕਦਾ ਹੈ ਕਿ ਗੁਰਮਤਿ ਸੰਗੀਤ ਵਿੱਚ ਤਬਲਾ ਪ੍ਰਦਰਸ਼ਨ ਦੀ ਕੋਈ ਮਨਾਹੀ ਹੈ। ਬੱਸ ਖਿਆਲ ਇਸ ਗੱਲ ਦਾ ਰੱਖਣਾ ਹੈ ਕਿ ਤਬਲਾ ਵਾਦਨ ਸ਼ਬਦ ਗਾਇਨ ਤੋਂ ਬਾਹਰ ਨਾ ਜਾਵੇ। ਇਸ ਲਈ ਤਬਲਾ ਵਾਦਨ, ਗੁਰਮਤਿ ਸੰਗੀਤ ਵਿੱਚ ਸ਼ਬਦ ਕੀਰਤਨ ਦੇ ਅਧੀਨ ਰਹਿ ਕੇ ਹੀ ਕੀਤਾ ਜਾਂਦਾ ਹੈ।

ਅੱਜ ਕੱਲ ਗੁਰਮਤਿ ਸੰਗੀਤ ਵਿੱਚ ਪੁਰਤਾਨ ਸਾਜਾਂ ਨੂੰ ਅਲੋਪ ਹੋਣ ਤੋਂ ਬਚਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਦੌਰਾਨ ਤੰਤੀ ਸਾਜਾਂ ਦੀ ਵਰਤੋਂ ਜ਼ਰੂਰੀ ਕਰਨ ਦਾ ਫੈਸਲਾ ਲਿਆ ਗਿਆ ਹੈ, ਜੋ ਕਿ ਸ਼ਲਾਘਾਯੋਗ ਹੈ। ਪੁਰਾਤਨ ਕੀਰਤਨ ਪ੍ਰੰਪਰਾ ਨੂੰ ਕਾਇਮ ਰੱਖਣ ਲਈ ਸ਼੍ਰੋਮਣੀ ਕਮੇਟੀ ਦਾ ਇਹ ਫੈਸਲਾ ਗੁਰਮਤਿ ਸੰਗੀਤ ਖੇਤਰ ਵਿੱਚ ਬੜਾ ਅਹਿਮ

ਸਥਾਨ ਰੱਖਦਾ ਹੈ। ਹੁਣ ਸ੍ਰੀ ਦਰਬਾਰ ਸਾਹਿਬ ਵਿਖੇ ਚਾਰ ਵਿਅਕਤੀਆਂ ਵੱਲੋਂ ਸੰਗੀਤ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ, ਜਿਨ੍ਹਾਂ ਵਿੱਚ ਦੋ ਹਰਮੋਨੀਅਮ, ਇੱਕ ਤਬਲਾ ਅਤੇ ਇੱਕ ਤੰਤੀ ਸਾਜ ਦਾ ਵਾਦਨ ਕਰਨ ਵਾਲਾ ਹੁੰਦਾ ਹੈ।

ਤਬਲਾ ਗੁਰਮਤਿ ਸੰਗੀਤ ਦੀ ਹਰੇਕ ਗਾਇਨ ਸ਼ੈਲੀ ਵਿੱਚ ਪ੍ਰਯੋਗ ਕੀਤਾ ਜਾਂਦਾ ਹੈ। ਮੌਜੂਦਾ ਸਮੇਂ ਵਿੱਚ ਇਸ ਤੋਂ ਬਿਨ੍ਹਾਂ ਗੁਰਮਤਿ ਸੰਗੀਤ ਨੂੰ ਸਹੀ ਰੂਪ ਵਿੱਚ ਪੇਸ਼ ਕਰਨਾ ਬਹੁਤ ਔਖਾ ਹੈ। ਸ. ਜਗਜੀਤ ਸਿੰਘ ਕੋਹਾੜਕਾ ਆਪਣੀ ਪੁਸਤਕ ਸੰਗੀਤ ਕਲਾ ਵਿੱਚ ਲਿਖਦੇ ਹਨ ਕਿ 'ਗੁਰੂ ਗ੍ਰੰਥ ਸਾਹਿਬ ਵਿੱਚ ਆਏ ਘਰ ਸ਼ਬਦ ਦਾ ਅਰਥ ਤਾਲ ਤੋਂ ਹੀ ਲਿਆ ਗਿਆ ਹੈ।'

ਗੁਰਮਤਿ ਸੰਗੀਤ ਵਿੱਚ ਪੜਤਾਲ ਗਾਇਕੀ ਰਾਹੀਂ ਵੀ ਤਬਲੇ ਦਾ ਸਫਲ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਜਿਸ ਵਿੱਚ ਵੱਖ-ਵੱਖ ਤਾਲਾਂ ਦਾ ਵਾਦਨ ਬੜੀ ਹੀ ਸੂਝ ਨਾਲ ਕੀਤਾ ਜਾਂਦਾ ਹੈ।

ਸੁਲਤਾਨਵਿੰਡ ਰੋਡ, ਅੰਮ੍ਰਿਤਸਰ। www.ikwaksingh.com

'ਮੇਰੀ ਨਵੀਂ ਛਪੀ ਪੁਸਤਕ 'ਤਬਲਾ-ਸਿਧਾਂਤਕ ਪੱਖ' ਵਿੱਚੋਂ।'



# ਗੁਰਬਾਣੀ ਲਈ ਕੰਪਿਊਟਰ ਦਾ ਪ੍ਰਯੋਗ

ਡਾ. ਸੋਨਦੀਪ ਮੋਂਗਾ

ਆਧੁਨਿਕ ਮਨੁੱਖ ਜਾਤੀ ਗਿਆਨ ਅਤੇ ਤਕਨਾਲੋਜ਼ੀ ਦੇ ਉਤਪਾਦਨ ਵਿੱਚ ਸੰਗਠਿਤ ਪੈਦਾਵਾਰ ਦੇ ਅਸੀਮ ਵਾਧੇ ਦੀ ਸੰਭਾਵਨਾ ਪੈਦਾ ਕਰ ਰਹੀ ਹੈ । ਇਹ ਯੁੱਗ ਗਿਆਨ ਦੀ ਗਤੀਸ਼ੀਲਤਾ ਦਾ ਯੁੱਗ ਹੈ । ਜਿਸ ਨੂੰ ਕੰਪਿਊਟਰ ਯੁੱਗ ਅਤੇ ਇਨਫਰਮੇਸ਼ਨ ਟੈਕਨਾਲੋਜੀ ਦਾ ਯੁੱਗ ਵੀ ਕਿਹਾ ਜਾਂਦਾ ਹੈ । ਇਸ ਨੇ ਸਾਰੇ ਵਿਸ਼ਵ ਦੇ ਸੱਭਿਆਚਾਰਾਂ ਨੂੰ ਇੱਕ ਜੁੱਟ ਕਰ ਦਿੱਤਾ ਹੈ ।ਪਰੰਤੂ ਅਜਿਹੇ ਵਿੱਚ ਗਿਆਨ ਦੀ ਉਪਯੋਗਤਾ ਤੇ ਸਾਰਥਕਤਾ ਤੇ ਵੱਡੇ ਪ੍ਰਸ਼ਨ ਚਿੰਨ ਖੜ੍ਹੇ ਹੋ ਗਏ ਹਨ ਕਿਉਂਕਿ ਇਹ ਸਿਰਫ ਮਸ਼ੀਨੀ ਸਾਧਨਾਂ ਦਾ ਪਸਾਰਾ ਹੈ ਗਿਆਨ ਦੀ ਗਤੀਸ਼ੀਲਤਾ (ਅਦਾਨ ਪ੍ਰਦਾਨ) ਹੈ ਉਸ ਦਾ ਸਦ-ਉਪਯੋਗੀ ਅਤੇ ਨੈਤਿਕਤਾ ਭਰਪੂਰ ਪਹਿਲੂਇਸ ਵਿੱਚੋਂ ਗਾਇਬ ਹੈ । ਸੱਚ ਹੈ ਕਿ ਸੁੱਚੇ ਗਿਆਨ ਦਾ ਵਿਧੀ-ਵਿਧਾਨ ਅਤੇ ਮਨੁੱਖੀ ਸ਼ਾਂਤੀ ਦਾ ਸਬੱਬ ਇਹ ਸਾਧਨ ਨਹੀਂ ਹੋ ਸਕਦੇ ਸਗੋਂ ਉਸ ਵਿੱਲਖਣ ਗਿਆਨ ਦੀ ਪ੍ਰਯੋਗਸ਼ੀਲਤਾ ਹੀ ਬਣ ਸਕਦੇ ਹਨ । ਜਿਵੇਂ ਕਿ ਬਲਵਿੰਦਰ ਸਿੰਘ ਆਪਣੇ ਲੇਖ 'ਦਿਮਾਗ ਅਤੇ ਕੰਪਿਊਟਰ ਦਾ ਮੇਲ' ਵਿੱਚ ਲਿਖਦੇ ਹਨ ਕਿ 'Computer Brain Interface' ਅਤੇ 'Brain to Brain Interface' ਤਕਨੀਕ ਦੁਆਰਾ ਕੰਪਿਊਟਰ ਰਾਹੀਂ ਦਿਮਾਗੀ ਕੰਟਰੋਲ ਅਤੇ ਦਿਮਾਗਾਂ ਨੂੰ ਆਪਸ ਵਿੱਚ ਜੋੜਿਆ ਜਾ ਸਕਦਾ ਹੈ ।ਇਸ ਨਾਲ ਇੱਕ ਮਸ਼ੀਨ ਇਨਸਾਨੀ ਹਿੱਸੇ ਦੇ ਤੌਰ ਤੇ ਕੰਮ ਕਰੇਗੀ । ਅਜਿਹੇ ਇਨਸਾਨ ਨੂੰ Cyborg (Cybernetic Organism )' ਕਿਹਾ ਜਾਂਦਾ ਹੈ ਅਤੇ ਕੇਵਿਨ ਵਾਰਵਿਕ ਇੱਕ ਬਰਤਾਨਵੀ ਪ੍ਰੋਫੈਸਰ ਹਨ ,ਜੋ ਇਸ ਸੰਸਾਰ ਦੇ ਪਹਿਲੇ Cyborg (ਰੋਬੋਟ) ਹਨ।[1]

ਇਸੇ ਤਰਾਂ ਗੁਰਬਾਣੀ ਲਈ ਕੰਪਿਊਟਰ ਪ੍ਰਯੋਗ ਦੀ ਗੱਲ ਕਰਦੇ ਹਾਂ ਤਾਂ ਕੰਪਿਊਟਰ ਅੱਖਰਾਂ ਅਤੇ ਭਾਸ਼ਿਕ ਗਿਆਨ ਦਾ ਇੱਕ ਸਾਧਨ ਹੈ ।ਭਾਵੇਂ ਅੱਜ ਗੁਰਬਾਣੀ ਅਤੇ ਸਿੱਖ ਧਰਮ ਬਾਰੇ ਕੰਪਿਊਟਰ ਉੱਤੇ ਵਿਸਥਾਰਪੂਰਵਕ ਜਾਣਕਾਰੀ ਉਪਲੱਬਧ ਹੈ ਅਤੇ ਅਨੇਕਾਂ ਵੈੱਬਸਾਇਟਾਂ ਤੇ ਸਾਫਟਵੇਅਰਾਂ ਦਾ ਵਿਕਾਸ ਹੋ ਚੁੱਕਾ ਹੈ ।ਸੀ.ਬੀ. ਕੰਬੋਜ ਇਸ ਬਾਰੇ ਜਾਣੂਕਰਵਾਉਂਦੇ ਲਿਖਦੇ ਹਨ ਕਿ ਅਮਰੀਕਾ ਦੇ ਡਾ.ਕੁਲਬੀਰ ਸਿੰਘ ਅਤੇ ਆਸਟ੍ਰੇਲੀਆ ਦੇ ਡਾ. ਬਲਵੰਤ ਸਿੰਘ ਉੱਪਲ ਨੇ ਗੁਰਬਾਣੀ ਦਾ ਕੰਪਿਊਟਰੀਕਰਨ ਕਰਨ ਚ ਸ਼ਲਾਘਾਯੋਗ ਕੰਮ ਕੀਤਾ ਹੈ ।.......... ਗੁਰਬਾਣੀ ਦੀ ਕੋਈ ਵੀ ਤੁਕ,ਸ਼ਬਦ , ਵਾਕਾਂਸ਼ ਆਦਿ ਬਾਰੇ ਜਾਣਕਾਰੀ ਦੇਣ ਵਾਲੇ ਸਰਚ ਇੰਜਨ ਨੂੰ ਸ਼੍ਰੀ ਗ੍ਰੰਥ ' ਵੈਬੱਸਾਈਟ ਤੋਂ ਵਰਤਿਆ

ਜਾ ਸਕਦਾ ਹੈ।[2] ਪਰੰਤੂਕੰਪਿਊਟਰ ਮਾਨਵੀ ਰਵੱਈਏ ਨੂੰਸਮਝ ਨਹੀ ਸਕਦਾ ,ਨਾ ਹੀ ਉਸ ਪ੍ਰਤਿ ਕ੍ਰਿਆ -ਪ੍ਰਤਿਕ੍ਰਿਆ ਦੀ ਕੋਈ ਕੜੀ ਸਿਰਜ ਸਕਦਾ ਹੈ। ਸਗੋਂ ਇਹ ਆਪਣੇ ਆਪ ਵਿੱਚ ਮਨੁੱਖ ਦੀ ਇੱਕ ਨਿੱਜੀ ਅਧਿਕਾਰਤ ਵਸਤੂਹੈ Personal Possession ਹੈ, ਜੋ ਮਨੁੱਖ ਨੂੰਪਾਰਗਾਮਿਤਾ ਦੇ ਸਬੰਧ ਦੀ ਕੋਈ ਸੋਝੀ ਪ੍ਰਦਾਨ ਨਹੀ ਕਰਦਾ । ਕੰਪਿਊਟਰ ਦੀ ਮਸ਼ੀਨੀ ਬਣਤਰ ਜਾਂ ਇਸ ਰਾਹੀਂ ਅਪਣਾਏ ਸਾਫਟਵੇਅਰ ਵਿੱਚ ਅਜਿਹਾ ਕੋਈ ਪ੍ਰੋਗਰਾਮ ਨਹੀ ਹੋ ਸਕਦਾ ਜੋ ਦਾਰਸ਼ਨਿਕਤਾ ਦੀ ਸੂਝ ਅਤੇ ਸੰਕਲਪਮੂਲਕਤਾ ਸਿਰਜ ਸਕੇ। ਇਹ ਕੰਪਿਊਟਰ ਦੀ ਵੱਡੀ ਸੀਮਾ ਹੈ।ਇਸ ਲਈ ਗੁਰਬਾਣੀ ਵਰਗੇ ਦਾਰਸ਼ਨਿਕ ਵਿਸ਼ੇ ਲਈ ਇਹ ਬਹੁਤੀ ਸਹਾਈ ਨਹੀਂ ਹੋ ਸਕਦੀ ਸਗੋਂ ਅੱਖਰਾਂ ਦੀ Display ਹੀ ਕਰ ਸਕਦੀ ਹੈ। ਜੋ ਇਕ ਸਮਾਜਿਕ ਪ੍ਰਕਿਰਿਆ ਦਾ ਹਿੱਸਾ ਹੀ ਬਣ ਸਕਦੀ ਹੈ ।ਸਮਾਜਿਕ ਪ੍ਰਕਿਰਿਆ ਦੇ ਤੌਰ ਤੇ ਇਸ ਦੇ ਉਪਯੋਗ ਸਿੱਖਿਆ, ਕਿੱਤਾ ਖੇਤਰ, ਭਾਸ਼ਾ ਵਿਗਿਆਨ ਅਤੇ ਸਮਾਜਿਕ ਮੀਡੀਆ ਦੇ ਤੌਰ ਤੇ ਹੀ ਸੀਮਿਤ ਹਨ। ਸਗੋਂ ਇਹ ਅਤਿਕਥਨੀ ਨਹੀਂ ਕਿ ਕੰਪਿਊਟਰ ਵਰਗੀ ਮਸ਼ੀਨ ਦੇ ਕਈ ਤਰਾਂ ਦੇ ਨੁਕਸਾਨ ਵੀ ਸਾਹਮਣੇ ਆ ਰਹੇ ਹਨ। ਜਿਵੇਂ ਮਨੁੱਖ ਦੀ ਸਰੀਰਕ ਸਿਹਤ ਤੇ ਇਹ ਘਾਤਕ ਅਸਰ ਪਾਉਂਦਾ ਹੈ ਇਸ ਨਾਲ C.V.S (Vision Syndrome) ਹੋ ਜਾਂਦਾ ਹੈ ਤੇ cathode Rays tube ਰਾਹੀਂ X- Ray radiations ਨੁਕਸਾਨ ਪਹੁੰਚਾਉਂਦੀਆਂ ਹਨ'।[3]

ਅਸਲ ਵਿੱਚ ਇਹ ਮਨੁੱਖ ਦੀ ਮਾਨਸਿਕਤਾ ਲਈ ਵਧੇਰੇ ਨੁਕਸਾਨਦੇਹ ਹਨ ।ਅੱਜ ਹਰੇਕ ਵਿਅਕਤੀ ਦੁਆਰਾ ਆਪਣੇ ਨਿੱਜਤਵ ਨੂੰ ਜਦੋਂ ਸਾਰੇ ਸੰਸਾਰ ਅੱਗੇ ਪੇਸ਼ ਕੀਤਾ ਜਾ ਰਿਹਾ ਹੈ ਤਾਂ ਇਸ ਵਿੱਚ ਜਾਲਸਾਜ਼ੀ ਅਤੇ ਸੂਚਨਾ ਦੇ ਦੁਰਉਪਯੋਗ ਦਾ ਡਰ ਬਣਿਆ ਰਹਿੰਦਾ ਹੈ ਕਈ ਦੁਰਲਭ ਸੂਚਨਾਵਾਂ ਦਾ ਜਨਤਕ ਹੋਣਾ ਸੰਸਾਰ ਲਈ ਵੱਡਾ ਆਤੰਕੀ ਖਤਰਾ ਹੈ। ਕੰਪਿਊਟਰ ਸੂਚਨਾਵਾਂ ਤੇ ਬਹੁਤ ਜ਼ਿਆਦਾ ਨਿਰਭਰਤਾ ਬਿਮਾਰ ਮਾਨਸਿਕਤਾ ਨੂੰ ਜਨਮ ਦਿੰਦੀ ਹੈ ਇਸ ਨੂੰ ਖੋਜਕਰਤਾ ਸਿੱਧ ਕਰ ਚੁੱਕੇ ਹਨ। According to the website 4ADHD researchers from some parts of the world, have coined the phrase 'Internet Addiction Disorder' IAD which they see 'as a psychological disorder that requires medical intervention, IAD is linked to individuals who display attention deficit Disorder, hostility, social phobia, low self-esteem.'[4]

ਇਸ ਲਈ ਰੱਬੀ ਬਾਣੀ ਅਤੇ ਸ਼ਬਦ ਸੁਰਤਿ ਦੀ ਸਾਧਨਾ ਇਸ ਦੁਆਰਾ ਨਹੀਂ ਹੋ ਸਕਦੀ ਕਿਉਂਕਿ ਸ਼ਬਦ ਨਾਲ ਜੁੜਨਾ ਹੀ ਗੁਰਬਾਣੀ ਦਾ ਵਿਧੀ ਵਿਧਾਨ ਹੈ ਸੁਰਤਿ ਦਾ ਮੇਲ ਉਸ ਦੀ ਸ਼ਾਂਤੀ ਹੈ , ਜਿਸ ਦਾ ਸਬੱਬ ਕੰਪਿਊਟਰ ਨਹੀਂ ਬਣ ਸਕਦਾ ਫਿਰ ਇਸ ਬੇਲੋੜੇ ਸਾਧਨ ਦੀ ਜ਼ਰੂਰਤ ਕਿਉਂ ਘੱਟੋ-ਘੱਟ ਗੁਰਬਾਣੀ ਦੇ ਨਿਤਨੇਮ ਜਾਂ ਸਮਝ ਲਈ ਇਸ ਦੀ ਆਵਸ਼ਕਤਾ ਬੇਲੋੜੀ ਹੈ ।ਬ੍ਰਹਮ ਅਵਸਥਾ ਵਿੱਚ ਪਹੁੰਚਣ ਤੋਂ ਪਹਿਲਾਂ ਨਿੱਜੀ ਮੈਂ ਦੇ ਵਿਕਾਸ ਦੀ ਅਵਸਥਾ ਉਸਦੀ ਸੁਰਤਿ ਅੰਦਰ ਸ਼ਬਦ ਦੇ ਪ੍ਰਕਾਸ਼ ਉੱਪਰ ਨਿਰਭਰ ਕਰਦੀ ਹੈ ।ਹਰ ਸ਼ਬਦ ਇੱਕ ਚਿਹਨ ਹੈ -ਇੱਕ ਗੀਤਸ਼ੀਲ ਬਿੰਦੂਜੋ ਵਿਭਿੰਨ ਭਾਸ਼ਾਈ ਖੇਡਾਂ ਵਿੱਚ ਆਪਣਾ ਰੋਲ ਅਦਾ ਕਰਦਾ ਹੋਇਆ ਆਪਣੇ ਆਲੇ ਦੁਆਲੇ ਅਰਥਾਂ ਦਾ ਇੱਕ ਨੈੱਟਵਰਕ ਸਿਰਜਦਾ ਹੈ ।ਗਤੀਸ਼ੀਲ ਬਿੰਦੂਦੀ ਇਹ ਯਾਤਰਾ ਉਨੀ

ਦੇਰ ਤੱਕ ਚਲਦੀ ਰਹੇਗੀ ਜਿੰਨੀ ਦੇਰ ਤੱਕ ਕਿ ਇਹ ਨੈੱਟਵਰਕ ਸਮੇਂ ਸਥਾਨ ਦੀ ਸਮੁੱਚਤਾ ਦਾ ਇੱਕ ਸੰਗਠਿਤ ਕਾਸਮਿਕ ਡਿਜ਼ਾਇਨ ਨਹੀਂ ਬਣ ਜਾਂਦਾ।[5]

ਗੁਰਬਾਣੀ ਸ਼ਬਦ ਖੋਜ ਦਾ ਮਾਰਗ ਹੈ ਸ਼ਬਦ ਖੋਜ ਤੋਂ ਬਿਨਾਂ ਗੁਰਬਾਣੀ ਨੂੰ ਪੜ੍ਹਿਆ,ਸੁਣਿਆ ,ਮੰਨਿਆ ,ਸਿੱਖਿਆ ਤੇ ਪਾਇਆ ਨਹੀਂ ਜਾ ਸਕਦਾ ।ਸ਼ਬਦ ਦਾ ਪ੍ਰਕਾਸ਼ ਹੀ ਪ੍ਰਮਾਤਮ ਸ਼ਕਤੀ ਦਾ ਅਹਿਸਾਸ ਹੈ ਉਸ ਤੱਕ ਪਹੁੰਚ ਵਿਧੀ ਹੈ ਪ੍ਰੰਤੂਇਸ ਨੂੰ ਨਿਰੇ ਅੱਖਰ ਸਮਝ ਲੈਣਾ ਵੀ ਠੀਕ ਨਹੀਂ ਕਿਉਂਕਿ ਇਹ ਅੱਖਰਾਂ ਤੋਂ ਪਾਰ ਦੀ ਅਵਸਥਾ ਹੈ ਜਿਸ ਲਈ ਜਿਗਿਆਸੂਨੂੰ ਭਾਵਨਾਤਮਕ ਦ੍ਰਿੜਤਾ ਸਹਿਤ ਧਰਮ ਦੇ ਮਾਰਗ ਤੇ ਚੱਲਣਾ ਪੈਂਦਾ ਹੈ ,ਸ਼ਬਦ ਜੋਤ ਨਾਲ ਜੁੜ ਬੈਠਣਾ ਪੈਂਦਾ ਹੈ , ਇਸ ਨੂੰ ਧਾਰਨ ਕਰਕੇ ਸਹਿਜ ਪ੍ਰਗਟਾਵੇ ਦੀ ਸਿਰਜਣਾ ਕਰਨੀ ਹੁੰਦੀ ਹੈ ।ਸ਼ਬਦ ਉਚਾਰਨ ਤੋਂ ਬਿਨਾਂ ਇਹ ਨਾਦ ਵਿੱਚ ਵਟ ਨਹੀਂ ਸਕਦਾ ਤੇ ਗੁਰਮਤੀ ਸ਼ਬਦ ਦੇ ਅਨੰਦ ਦਾ ਸਬੱਬ ਸਿਰਜਿਆ ਨਹੀਂ ਜਾ ਸਕਦਾ ਜਿਵੇਂ ਕਿ ਗੁਰਬਾਣੀ ਦਾ ਕਥਨ ਹੈ :

ਉਥੈ ਅਨਹਦ ਸ਼ਬਦ ਵਜਹਿ ਦਿਨੁ ਰਾਤੀ ਗੁਰਮਤੀ ਸ਼ਬਦ ਸੁਣਾਵਣਿਆ।[6]

ਅਸਲ ਵਿੱਚ ਸ਼ਬਦ ਸਰੂਪ ਇੱਕ ਕੜੀ ਹੈ ਜੋ ਮਨੁੱਖੀ ਚੇਤਨਾ ਅਤੇ ਅੰਨਤਤਾ ਦੇ ਵਾਲੀ ਵਿੱਚ ਸੰਬੰਧ ਸਥਾਪਿਤ ਕਰਦੀ ਹੈ ਇਸ ਨੂੰ ਇੱਕ ਨਿਰੰਤਰ ਸਿਲਸਲੇ ਦੇ ਤੌਰ ਤੇ ਅੱਗੇ ਤੋਰਦੀ ਹੈ। ਉਹਨਾਂ ਨੇ ਸ਼ਬਦ ਸ਼ਕਤੀ ਨੂੰ ਗਿਆਨ ਸ੍ਰੋਤ ਵਜੋਂ ਸਵੀਕਾਰਿਆ :

ਜੀਆ ਅੰਦਰ ਜੀਉ ਸਬਦੁ ਹੈ ਜਿਤੁ ਸਹ ਮੇਲਾਵਾ ਹੋਇ।[7]

ਸੰਸਾਰ ਦੇ ਸਮੁੱਚੇ ਦਰਸ਼ਨ ਸ਼ਾਸਤਰ ਵਿੱਚ ਇਹ ਜਟਿਲ ਰਿਸ਼ਤੇ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ ।ਪਰ ਗੁਰਬਾਣੀ ਇਸ ਨੂੰ ਹੀ ਸਰਲ ਅਧਿਆਤਮਕ ਮਾਰਗ ਵਜੋਂ ਪਛਾਣਦੀ ਹੈ ਜਿਵੇਂ ਇੱਕ ਬੱਚਾ ਹਨੇਰੇ ਵਿੱਚ ਆਪਣੀ ਮਾਂ ਨੂੰ ਆਵਾਜ਼ ਰਾਹੀਂ ਹੀ ਪੁਕਾਰਦਾ ਅਤੇ ਪਹਿਚਾਣਦਾ ਹੈ, ਇਸੇ ਤਰਾਂ ਸੰਸਾਰੀ ਅਗਿਆਨਤਾ ਦੇ ਹਨੇਰੇ ਵਿੱਚ ਪਰਮਾਤਮਾ ਰੂਪੀ ਸਿਰਜਣਹਾਰ ਨਾਲ ਜੀਵ ਸ਼ਬਦ ਰਾਹੀਂ ਟੇਕ ਸਥਾਪਿਤ ਕਰਦਾ ਹੈ ।

ਬਿਨੁ ਸਬਦੈ ਅੰਤਰਿ ਆਨੇਰਾ

ਨ ਵਸਤੁ ਲਹੈ ਨ ਚੂਕੇ ਫੇਰਾ।[8]

ਇਸ ਤਰਾਂ ਸਿੱਖ ਚਿੰਤਨ ਵਿੱਚ ਸ਼ਬਦ ਨੂੰ ਧਰਮ ਸੱਭਿਆਚਾਰ ਤੇ ਮਰਯਾਦਾ ਦਾ ਵੀ ਕੇਂਦਰੀ ਬਿੰਦੂਸਵੀਕਾਰ ਕੀਤਾ ਹੈ ।ਸ਼ਬਦ ਨੂੰ ਗੁਰੂਦਾ ਦਰਜਾ ਦੇ ਕੇ ਸਿੱਖ ਗੁਰੂਸਾਹਿਬਾਨ ਨੇ ਨਿਵਾਜਿਆ ਅਤੇ ਜਿਸਨੂੰ ਸੰਸਾਰ ਕਲਿਆਣ ਹਿੱਤ ਉਚਾਰਨ ਦੀ ਵਿਸ਼ੇਸ਼ ਵਿਧੀ ਦਰਸਾਈ :

ਸ਼ਬਦੁ ਗੁਰ ਪੀਰਾ ਗਹਿਰ ਗੰਭੀਰਾ

ਬਿਨੁ ਸਬਦੈ ਜਗੁ ਬਉਰਾਨਾ।[9]

ਕਿਉਂਕਿ ਇਹ ਮਹਾਂਪੁਰਖਾਂ ਦੀ ਬਾਣੀ ਹੈ ਇਸ ਲਈ ਇਸ ਤਰਾਂ ਇਸ ਦੀ ਇੱਕ ਵਿਸ਼ੇਸ਼ ਤੇ ਵਿਲੱਖਣ ਉਚਾਰਨ ਵਿਧੀ ਅਤੇ ਰਾਗਬੱਧ ਲਹਿਜਾ ਹੈ । ਇਸਨੂੰ ਸ਼ਰਧਾ ਅਤੇ ਵਿਸ਼ਵਾਸ ਨਾਲ ਆਪਣੇ ਹਿਰਦੇ ਵਿੱਚ ਬਠਾਉਣ ਦਾ ਹੁਕਮ ਹੈ :

ਬਾਣੀ ਗੁਰੂਗੁਰੂਹੈ ਬਾਣੀ  ਵਿੱਚ ਬਾਣੀ ਅੰਮ੍ਰਿਤ ਸਾਰੇ

ਗੁਰਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂਨਿਸਤਾਰੇ।[10]

ਇਸ ਤਰਾਂ ਗੁਰਬਾਣੀ ਦੀ ਗ੍ਰਹਿਣਸ਼ੀਲਤਾ ਗੁਰੂਦਰਜੇ ਨੂੰ ਸਨਮੁਖ ਰੱਖ ਕੇ ਹੁੰਦੀ ਹੈ ਜਿਸ ਵਿੱਚ ਗੁਰੂਗਿਆਨ ਨੂੰ ਪ੍ਰਤੱਖ ਹਾਜ਼ਰ ਨਾਜ਼ਰ ਮੰਨ ਕੇ ਉਸਤਤ ਹੁੰਦੀ ਹੈ ਤੇ ਜਿਸ ਨਾਲ ਮਨੁੱਖ ਧਰਮ ਖੰਡ ਤੋਂ ਸਚਖੰਡ ਤੱਕ ਦਾ ਸਫਰ ਤਹਿ ਕਰਦਾ ਹੈ। ਗੁਰਬਾਣੀ ਦੀ ਗ੍ਰਹਿਣਸ਼ੀਲਤਾ ਵਿੱਚ ਕਿਸੇ ਵੀ ਤਰਾਂ ਦੀ ਸਹਾਇਕ ਸਮੱਗਰੀ ਦੀ ਵਿਸ਼ੇਸ਼ ਆਵਸ਼ਕਤਾ ਨਹੀਂ ਹੈ ਜਿਵੇਂ ਕਿ ਕੰਪਿਊਟਰ ਯੋਗਤਾ । ਇਸ ਤੋਂ ਬਿਨਾਂ ਹੀ ਇਹ ਇੱਕ ਸਹਿਜ ਪਠਨ-ਪਾਠਨ ਪ੍ਰਕ੍ਰਿਆ ਹੈ ,ਜਿਸ ਦੀ ਰਾਗਾਤਮਕ ਵਿਲੱਖਣਤਾ ਨੂੰ ਸਾਜ਼ ਤੇ ਧੁਨ ਦੀ ਸਹਿਯੋਗਤਾ ਲੋੜੀਂਦੀ ਹੈ ਜਿਸ ਲਈ ਵੀ ਵਿਸ਼ੇਸ਼ ਨਿਯਮ ਅਤੇ ਰਹਿਤ ਦਾ ਨਿਰਧਾਰਨ ਕੀਤਾ ਗਿਆ ਹੈ । ਸਗੋਂ ਇੰਜ ਕਹਿਣਾ ਵੀ ਅਤਿਕਥਨੀ ਨਹੀਂ ਹੋਵੇਗੀ ਕਿ ਗੁਰਮਤਿ ਫਿਲਾਸਫੀ ਦੀ ਗ੍ਰਹਿਣਸ਼ੀਲਤਾ ਵਿੱਚ ਕੰਪਿਊਟਰ ਦੀ ਵਰਤੋਂ ਇੱਕ ਬੇਲੋੜੀ ਸਹਾਹਿਕ ਸਮੱਗਰੀ ਦੀ ਤਰਾਂ ਸਮਝੀ ਜਾ ਸਕਦੀ ਹੈ । ਹਾਂ ਇਸ ਦੀ ਸਮੇਂ ਅਤੇ ਸਥਾਨ ਦੀ ਉਪਯੋਗਤਾ ਨਾਮ ਸਿਮਰਨ ਵਿੱਚ ਕੁਝ ਕੁ ਸਹਾਈ ਹੋ ਸਕਦੀ ਹੈ ਜਾਂ ਦੂਸਰੇ ਮਤਾਂ ਅਤੇ ਭਾਸ਼ਾ ਵਾਲੇ ਵਿਅਕਤੀਆਂ ਨੂੰ ਭਾਸ਼ਿਕ ਪੱਧਰ ਤੇ ਕੁਝ ਇਸਦਾ ਲਾਭ ਹੋ ਸਕਦਾ ਹੈ ਪਰੰਤੂਇਸਨੂੰ ਗੁਰਬਾਣੀ ਦਰਸ਼ਨ ਵਿੱਚ ਪ੍ਰਯੋਗ ਲਈ ਬਹੁਤਾ ਉਪਯੋਗੀ ਸਿੱਧ ਨਹੀਂ ਕੀਤਾ ਜਾ ਸਕਦਾ ।

ਹਵਾਲੇ ਅਤੇ ਟਿੱਪਣੀਆਂ :


(1) ਬਲਵਿੰਦਰ ਸਿੰਘ ,ਦਿਮਾਗ ਅਤੇ ਕੰਪਿਊਟਰ ਦਾ ਮੇਲ ,ਅਜੀਤ ਮੈਗਜ਼ੀਨ ਐਤਵਾਰ ,1 ਦਸੰਬਰ ,2013

(2) ਸੀ.ਬੀ. ਕੰਬੋਜੋ ਗੁਰਬਾਣੀ ਦਾ ਅਧਿਐਨ ਕੰਪਿਊਟਰ ਤੇ',ਅਜੀਤ ਅਖਬਾਰ ਅੰਕ ਐਤਵਾਰ , 9 ਫਰਵਰੀ 2014

(3) Available on www.slideshare.net

(4) By Tim Mc Quade . eHow contributor, Negatives of Computer on society .available on www.ehow.Com

(5) ਵਿਸਮਾਦੁ ਨਾਦ ,ਵਿਸ਼ੇਸ਼ ਅੰਕ, ਇੰਟਰਨੈਸ਼ਨਲ ਇਨਸਟੀਚਿਊਟ ਆਫ ਗੁਰਮਤਿ ਸਟੱਡੀਜ਼ ਲੁਧਿਆਣਾ , ਜਨਵਰੀ 1994, ਪੰਨਾ 14

(6) ਆਦਿ ਗ੍ਰੰਥ

(7) ਆਦਿ ਗ੍ਰੰਥ,ਪੰਨਾ 1250

(8) ਆਦਿ ਗ੍ਰੰਥ, ਪੰਨਾ 128

(9) ਆਦਿ ਗ੍ਰੰਥ, ਪੰਨਾ 635

(10) ਆਦਿ ਗ੍ਰੰਥ, ਪੰਨਾ 972

# ਗੁਰੂ ਨਾਨਕ ਦੇਵ ਤੇ ਸੰਗੀਤ : ਇਤਿਹਾਸ ਪਰਿਪੇਖ

## ਡਾ. ਜਾਗੀਰ ਸਿੰਘ

ਗੁਰਮਤਿ ਸੰਗੀਤ ਉਸ ਸੰਗੀਤ ਨੂੰ ਕਿਹਾ ਜਾਂਦਾ ਹੈ ਜਿਹੜਾ ਵਿਵਹਾਰਿਕ ਪੱਖ ਤੋਂ ਗੁਰੂ ਗ੍ਰੰਥ ਸਾਹਿਬ ਅੰਦਰ ਬਿਆਨ ਕੀਤੇ ਸੰਗੀਤ ਨਿਰਦੇਸ਼ਾਂ ਉੱਤੇ ਆਧਾਰਤ ਹੈ। ਗੁਰੂ ਗ੍ਰੰਥ ਸਾਹਿਬ ਜਿਸ ਨੂੰ ਗੁਰਮਤਿ ਦਾ ਸੋਮਾ ਕਿਹਾ ਜਾਦਾ ਹੈ ਮੂਲ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੇ ਮਤ ਉੱਪਰ ਆਧਾਰਤ ਹੈ।

ਗੁਰੂ ਨਾਨਕ ਦੇਵ ਜੀ ਨੇ ਭਾਰਤ ਦੀ ਅਧਿਆਤਮਕ ਪਰੰਪਰਾ ਵਿਚ ਜਿਹੜੇ ਸਿਧਾਂਤ ਦਾ ਨਿਰੂਪਣ ਕੀਤਾ ਹੈ ਉਸ ਨੂੰ ਗੁਰਮਤਿ ਸੰਗੀਤ ਕਿਹਾ ਜਾਂਦਾ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਗੁਰੂ ਨਾਨਕ ਦੇਵ ਜੀ ਆਪਣੇ ਤੋਂ ਪੂਰਬਵਰਤੀ ਅਤੇ ਪਿੱਠਵਰਤੀ ਗੁਰਮਤਿ ਅਨੁਸਾਰੀ ਮਨੀਸ਼ੀਆਂ ਦੇ ਕੇਂਦਰ ਵਿਚ ਹਨ। ਗੁਰੂ ਨਾਨਕ ਦੇਵ ਜੀ ਦੇ ਮੱਤ ਦੀ ਕਸਵੱਟੀ ਉੱਤੇ ਪਰਖ ਕੇ ਹੀ ਪੂਰਬਕਾਲੀ ਅਧਿਆਤਮਕ ਕਵੀਆਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸਥਾਨ ਮਿਲਿਆ ਅਤੇ ਗੁਰੂ ਨਾਨਕ ਮੱਤ ਦੇ ਮਾਰਗ ਦਰਸ਼ਨ ਵਿਚ ਹੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਵਾਲੇ ਬਾਣੀਕਾਰਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸਥਾਨ ਪ੍ਰਾਪਤ ਹੋਇਆ। ਇਸ ਲਈ ਗੁਰੂ ਨਾਨਕ ਦੇਵ ਜੀ ਗੁਰਮਤਿ ਦੇ ਮੋਢੀ ਹਨ। ਗੁਰੂ ਨਾਨਕ ਦੇਵ ਜੀ ਅਤੇ ਹੋਰ ਬਾਣੀਕਾਰਾਂ ਦੀ ਬਾਣੀ ਸੰਗੀਤਮਈ ਹੈ। ਇਸ ਕਰਕੇ ਗੁਰੂ ਨਾਨਕ ਦੇਵ ਜੀ ਨੂੰ ਹੀ ਗੁਰਮਤਿ ਸੰਗੀਤ ਦੇ ਮੋਢੀ ਜਾਂ ਸੰਸਥਾਪਕ ਕਹਿਣਾ ਉਚਿਤ ਹੋਵੇਗਾ।

ਗੁਰੂ ਨਾਨਕ ਦੇਵ ਜੀ ਨੇ ਸਰਬ ਲੁਕਾਈ ਦਾ ਉਧਾਰ ਕਰਨ ਲਈ ਚਾਰ ਉਦਾਸੀਆਂ ਭਾਵ ਆਪਣੀਆਂ ਯਾਤਰਾਵਾਂ ਕੀਤੀਆਂ। ਇਹਨਾਂ ਉਦਾਸੀਆਂ ਸਮੇਂ ਉਹਨਾਂ ਦਾ ਮਨੋਰਥ ਵੱਖ ਵੱਖ ਸਥਾਨਾਂ ਦੇ ਲੋਕਾਂ ਤੱਕ ਆਪਣਾ ਸੰਦੇਸ਼ ਪਹੁੰਚਾਉਣਾ ਸੀ। ਉਹ ਲੋਕ ਕਿਉਂਕਿ ਵੱਖਰੇ ਵੱਖਰੇ ਸਭਿਆਚਾਰਾਂ ਨਾਲ ਸੰਬੰਧਤ ਸਨ, ਇਸ ਲਈ ਉਹਨਾਂ ਨੂੰ ਇਸ ਸੰਦੇਸ਼ ਦਾ ਸੰਚਾਰ ਕਰਨ ਹਿਤ ਕੋਈ ਸਰਬ ਸਾਂਝੀ ਜੁਗਤ ਅਪਣਾਉਣ ਦੀ ਲੋੜ ਮਹਿਸੂਸ ਹੋਈ। ਇਹ ਜੁਗਤ ਸੰਗੀਤ ਅਤੇ ਗੁਰਬਾਣੀ ਦਾ ਸੁਮੇਲ ਸੀ।

ਇਤਿਹਾਸ ਪਰਿਪੇਖ : ਗੁਰੂ ਨਾਨਕ ਦੇਵ ਜੀ ਬਾਰੇ ਰਚਿਤ ਜਨਮ ਸਾਖੀਆਂ ਤੋਂ ਪਤਾ ਲਗਦਾ ਹੈ ਕਿ ਉਹਨਾਂ ਦੇ ਜੀਵਨ ਵਿਚ ਗੁਰਮਤਿ ਸੰਗੀਤ ਸਦਾ ਅੰਗ ਸੰਗ ਰਿਹਾ। ਉਹਨਾਂ ਦੇ ਜੀਵਨ ਦੇ ਸਮਾਚਾਰਾਂ ਦੇ ਪ੍ਰਮੁੱਖ ਸਰੋਤ ਭਾਈ ਗੁਰਦਾਸ ਦੀਆਂ ਵਾਰਾਂ ਅਤੇ ਜਨਮ ਸਾਖੀਆਂ ਦੇ ਅਨੇਕ ਪ੍ਰਸੰਗ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਗੁਰੂ ਸਾਹਿਬ ਲਈ ਗੁਰਮਤਿ ਸੰਗੀਤ ਵਿਸ਼ੇਸ਼ ਮਹੱਤਵ ਰੱਖਦਾ ਹੈ। (ਚਲਦਾ...)

'ਗੁਰੂ ਨਾਨਕ ਦੇਵ ਜੀ ਤੇ ਸੰਗੀਤ' ਪੁਸਤਕ ਵਿੱਚੋਂ

# ਸੁਰ ਲਿਪੀ

ਡਾ. ਗੁਰਨਾਮ ਸਿੰਘ

ਥਾਟ : ਕਲਿਆਣ, ਜਾਤੀ : ਸੰਪੂਰਣ, ਸਮਾਂ ਰਾਤ ਦਾ ਪਹਿਲਾ ਪਹਿਰ
ਵਾਦੀ : ਗੰਧਾਰ, ਸੰਵਾਦੀ : ਨਿਸ਼ਾਦ
ਆਰੋਹ : ਨ਼ ਰ ਗ, ਮ' ਪ, ਮ' ਧ ਨ ਸਂ
ਅਵਰੋਹ : ਸਂ ਨ ਧ ਪ, ਮ' ਗ, ਰ ਨ਼ ਰ ਸ
ਪਕੜ : ਨ਼ ਰ ਗ ਗ ਰ ਗ ਮ' ਪ ਰ ਨ਼ ਰ ਸ,
ਸੁਰ : ਮਧਿਅਮ ਤੀਬਰ, ਬਾਕੀ ਸਾਰੇ ਸ਼ੁੱਧ

ਤਿੰਨ ਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| | | | | | | ਨ਼ | ਧ਼ | ਨ਼ | ਰ | ਗਮ' | ਪ | – | ਰ | ਗ | ਰ |
| | | | | | | ਪ੍ਰ | ਭ | ਕੀ | s | ਜੈs | s | s | ਕ੍ਰਿ | ਪਾ | ਨਿ |
| ਸ | – | – | ਨ਼ | ਸ | – | ਮ' | ਮ' | ਮ' | ਧ | ਨ | ਧ | ਨ | ਧ | ਪ | – |
| ਧਾ | s | s | s | ਨ | s | ਹ | ਮ | ਹ | ਰਿ | ਗੁ | ਨ | ਗਾ | s | ਵਹ | s |
| ਪ | – | ਰ | ਰ | ਗ | – | – | – | ਗ | ਗਗ | ਗ | ਗ | ਮ' | ਮ' | ਧ | ਧ |
| ਗੇ | s | s | s | s | s | s | s | ਹਉ | ਤੁਮ | ਰੀ | ਕ | ਰਉ | s | ਨਿ | ਤ |
| ਮ'ਧ | ਨਸਂ | – | ਨ | ਸਂ | – | – | – | ਸਂ | ਨ | ਧ | ਪ | (ਪ) | ਪ | ਮ' | ਗ |
| ਆs | ss | s | s | ਸ | s | s | s | ਪ੍ਰ | ਭ | ਮੋ | ਹਿ | ਕ | ਬ | ਗ | ਲਿ |
| ਰ | – | ਗਮ' | ਪ | ਰ | – | | | | | | | | | | |
| ਲਾ | s | ਵਹਿ | s | ਗੇ | s | | | | | | | | | | |
| | | | | | | | | – | ਗ | ਗ | ਗ | ਮ' | ਮ' | ਧ | ਧ |
| | | | | | | | | s | ਜੋ | ਹ | ਰਿ | ਸੁਆ | ਮੀ | ਤੁ | ਮ |
| ਮ'ਧ | ਨਸਂ | – | ਨ | ਸਂ | – | – | – | ਨ | ਰਂ | ਗਂ | ਰਂ | ਨ | ਰਂ | ਸਂ | ਸਂ |
| ਦੇs | ss | s | s | ਹੋ | s | s | s | ਸੋ | ਈ | ਹ | ਮ | ਪਾ | s | ਵਹਿ | s |
| ਸਂ | ਸਂ | ਨ | ਨ | ਧ | ਧ | ਪ | ਪ | – | ਪ | ਪ | ਪ | ਪ | ਮ' | ਗ | ਰ |
| ਗੇ | s | s | s | s | s | s | s | s | ਮੋਹਿ | ਦੂ | ਜੀ | ਨਾ | s | ਹੀ | s |
| ਗ | – | ਪ | ਮ' | ਗ | ਗ | ਸ | – | ਮ' | ਧ | ਨ | ਧ | ਨ | ਧ | ਪ | – |
| ਠਉ | s | s | s | s | s | ਰ | s | ਜਿਸੁ | ਪਹਿ | ਹ | ਮ | ਜਾ | s | ਵਹਿ | s |
| ਸਂ | ਨ | ਧ | ਪ | ਮ' | ਗ | | | | | | | | | | |
| ਗੇ | s | s | s | s | s | | | | | | | | | | |

ਸਰ, ਸਨ, ਧਪ, ਮ'ਪ ਧਪ, ਮਗ, ਰਸ, ਨ਼ ਧ਼

ਪ੍ਰੋ: ਅਤੇ ਮੁਖੀ, ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਸੁਰ ਲਿਪੀ ਵਾਲੇ ਸ਼ਬਦ ਦੇ ਅਰਥ

## ਅੰਗ ੧੩੨੧

### ਕਲਿਆਨ ਮਹਲਾ ੪ ॥
Kalyaan, Fourth Mehl:

### ਪ੍ਰਭ ਕੀਜੈ ਕ੍ਰਿਪਾ ਨਿਧਾਨ ਹਮ ਹਰਿ ਗੁਨ ਗਾਵਹਗੇ ॥
O God, Treasure of Mercy, please bless me, that I may sing the Glorious Praises of the Lord.

### ਹਉ ਤੁਮਰੀ ਕਰਉ ਨਿਤ ਆਸ ਪ੍ਰਭ ਮੋਹਿ ਕਬ ਗਲਿ ਲਾਵਹਿਗੇ ॥੧॥ ਰਹਾਉ ॥
I always place my hopes in You; O God, when will you take me in Your Embrace? ||1||Pause||

### ਹਮ ਬਾਰਿਕ ਮੁਗਧ ਇਆਨ ਪਿਤਾ ਸਮਝਾਵਹਿਗੇ ॥
I am a foolish and ignorant child; Father, please teach me!

### ਸੁਤੁ ਖਿਨੁ ਖਿਨੁ ਭੂਲਿ ਬਿਗਾਰਿ ਜਗਤ ਪਿਤ ਭਾਵਹਿਗੇ ॥੧॥
Your child makes mistakes again and again, but still, You are pleased with him, O Father of the Universe. ||1||

### ਜੋ ਹਰਿ ਸੁਆਮੀ ਤੁਮ ਦੇਹੁ ਸੋਈ ਹਮ ਪਾਵਹਗੇ ॥
Whatever You give me, O my Lord and Master - that is what I receive.

### ਮੋਹਿ ਦੂਜੀ ਨਾਹੀ ਠਉਰ ਜਿਸੁ ਪਹਿ ਹਮ ਜਾਵਹਗੇ ॥੨॥
There is no other place where I can go. ||2||

### ਜੋ ਹਰਿ ਭਾਵਹਿ ਭਗਤ ਤਿਨਾ ਹਰਿ ਭਾਵਹਿਗੇ ॥
Those devotees who are pleasing to the Lord - the Lord is pleasing to them.

### ਜੋਤੀ ਜੋਤਿ ਮਿਲਾਇ ਜੋਤਿ ਰਲਿ ਜਾਵਹਗੇ ॥੩॥
Their light merges into the Light; the lights are merged and blended together. ||3||

### ਹਰਿ ਆਪੇ ਹੋਇ ਕ੍ਰਿਪਾਲੁ ਆਪਿ ਲਿਵ ਲਾਵਹਿਗੇ ॥
The Lord Himself has shown mercy; He lovingly attunes me to Himself.

### ਜਨੁ ਨਾਨਕੁ ਸਰਨਿ ਦੁਆਰਿ ਹਰਿ ਲਾਜ ਰਖਾਵਹਿਗੇ ॥੪॥੬॥
Servant Nanak seeks the Sanctuary of the Door of the Lord, who protects his honor. ||4||6||

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# ਡਾ. ਗੁਰਨਾਮ ਸਿੰਘ ਦੀ ਪੁਸਤਕ ਅਤੇ ਆਡੀਓ ਸੀ. ਡੀ. ਰਿਲੀਜ਼



ਪੰਜਾਬੀ ਯੂਨੀਵਰਸਿਟੀ ਦੇ ਉੱਪ ਕੁੱਲਪਤੀ ਡਾ. ਜਸਪਾਲ ਸਿੰਘ ਵੱਲੋਂ ਗੁਰਮਤਿ ਸੰਗੀਤ ਵਿਭਾਗ ਅਤੇ ਗੁਰਮਤਿ ਸੰਗੀਤ ਚੇਅਰ ਦੇ ਬਾਨੀ ਮੁਖੀ ਡਾ. ਗੁਰਨਾਮ ਸਿੰਘ ਦੀ ਰਾਗ ਬਸੰਤ 'ਤੇ ਆਧਾਰਤ ਪੁਸਤਕ 'ਬਸੰਤ : ਸ਼ਬਦ ਕੀਰਤਨ' ਅਤੇ ਆਡੀਓ ਸੀ. ਡੀ. ਗੁਰਮਤਿ ਸੰਗੀਤ ਉਸਤਵ ਸਮਾਗਮ ਮੌਕੇ ਰਿਲੀਜ਼ ਕੀਤੀ ਗਈ

ਪੁਸਤਕ ਰਿਲੀਜ਼ ਕਰਦਿਆਂ ਡਾ. ਜਸਪਾਲ ਸਿੰਘ ਨੇ ਕਿਹਾ ਕਿ ਡਾ. ਗੁਰਨਾਮ ਸਿੰਘ ਇਕ ਸੰਸਥਾ ਵਾਂਗ ਕਾਰਜਸ਼ੀਲ ਹਨ, ਜਿਹਨਾਂ ਨੇ ਆਪਣੀ ਕਾਇਕੀ ਖੋਜ ਭਰਪੂਰ ਲਿਖਤਾਂ ਅਤੇ ਪ੍ਰਬੰਧਕੀ ਕੁਸ਼ਲਤਾ ਕਰਕੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਪੰਜਾਬੀ ਯੂਨੀਵਰਸਿਟੀ ਵਿਚ ਪਛਾਣ ਬਣਾਈ ਹੈ। ਆਪਣੀ ਕਿਤਾਬ ਬਾਰੇ ਡਾ. ਗੁਰਨਾਮ ਸਿੰਘ ਨੇ ਕਿਹਾ ਕਿ ਸਿੱਖ ਧਰਮ ਵਿਚ ਸ਼ਬਦ ਕੀਰਤਨ ਦੀ ਪ੍ਰਧਾਨਤਾ ਹੈ। ਇਸੇ ਲਈ ਹਰ ਅਵਸਰ 'ਤੇ ਕੀਰਤਨ ਦਾ ਵਿਸ਼ੇਸ਼ ਪ੍ਰਚਲਨ ਹੈ। ਸ਼ਬਦ ਕੀਰਤਨ ਦੀ ਸੰਪੂਰਨ ਪ੍ਰਸਤੂਤੀ ਜਾਂ ਪੇਸ਼ਕਾਰੀ ਨੂੰ ਸ਼ਬਦ ਕੀਰਤਨ ਚਉਕੀ ਆਖਿਆ ਜਾਂਦਾ ਹੈ। ਰਾਗਾਂ ਦੇ ਕਾਲ ਚੱਕਰ ਅਤੇ ਰੁੱਤਾਂ ਅਨੁਸਾਰ ਕੀਰਤਨ ਚਉਕੀਆਂ ਹਨ। ਜਿਵੇਂ ਸਾਵਣ ਰੁੱਤ ਵਿਚ ਮਲ੍ਹਾਰ ਦੀ ਕੀਰਤਨ ਚਉਕੀ। ਬਸੰਤ ਰਾਗ 'ਤੇ ਆਧਾਰਤ ਬਸੰਤ ਦੀ ਕੀਰਤਨ ਚਉਕੀ ਦਾ ਆਰੰਭ ਸ੍ਰੀ ਦਰਬਾਰ ਸਾਹਿਬ ਵਿਖੇ ਲੋਹੜੀ ਵਾਲੀ ਰਾਤ ਅਤੇ ਬਾਕੀ ਗੁਰਦੁਆਰਿਆਂ ਵਿਚ ਮਾਘ ਦੀ ਸੰਗਰਾਂਦ ਵਾਲੇ ਦਿਨ ਤੋਂ ਵਿਸ਼ੇਸ਼ ਰੂਪ ਵਿਚ ਕੀਤਾ ਜਾਂਦਾ ਹੈ।

ਇਸ ਪੁਸਤਕ ਵਿਚ ਗੁਰਮਤਿ ਸੰਗੀਤ ਅਧੀਨ ਪ੍ਰਚਲਤ ਬਸੰਤ ਦੇ ਵੱਖ ਵੱਖ ਪ੍ਰਕਾਰਾਂ ਅਤੇ ਬਸੰਤ ਦੀ ਪਉੜੀ ਵਿਚ ਸ਼ਬਦ ਕੀਰਤਨ ਰਚਨਾਵਾਂ ਰਿਕਾਰਡ ਕਰਵਾਕੇ ਸੁਰਲਿਪੀ ਬੱਧ ਕੀਤੀਆਂ ਹਨ। ਬਸੰਤ ਦੇ ਇਹ ਵੱਖ ਵੱਖ ਪ੍ਰਕਾਰ ਬਸੰਤ ਸ਼ੁੱਧ (ਪੁਰਾਤਨ), ਬਸੰਤ ਹਿੰਡੋਲ (ਰਿਸ਼ਭ ਰਹਿਤ), ਬਸੰਤ (ਪੂਰਵੀ), ਬਹਾਰ (ਬਸੰਤ) ਹਨ।

ਸਮਾਗਮ ਵਿਚ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਪਰਮਜੀਤ ਸਿੰਘ ਰਾਣਾ "ਪੰਜਾਬ ਟ੍ਰਿਬਿਊਨ' ਦੇ ਸੰਪਾਦਕ ਵਰਿੰਦਰ ਸਿੰਘ ਵਾਲੀਆ, ਨਗਰ ਨਿਗਮ ਪਟਿਆਲਾ ਦੇ ਮੇਅਰ ਅਮਰਿੰਦਰ ਸਿੰਘ ਬਜਾਜ, ਡਾ. ਅੰਮ੍ਰਿਤਪਾਲ ਕੌਰ, ਡਾ. ਜਸਬੀਰ ਕੌਰ, ਡਾ. ਬਚਿੱਤਰ ਸਿੰਘ ਆਦਿ ਹਾਜ਼ਰ ਸਨ। ਹਾਜ਼ਰ ਮਹਿਮਾਨਾਂ ਨੂੰ ਪੁਸਤਕਾਂ ਦੀ ਇਕ ਕਾਪੀ ਭੇਂਟ ਕੀਤੀ ਗਈ।

Postal Regd. No. G/CHD/0045/2012-14 RNI Regd. No. 46788/89 ISSN 0972-2335




ਇਸ ਸੀ. ਡੀ. ਨੂੰ ਮੁਫਤ ਪ੍ਰਾਪਤ ਕਰਨ ਲਈ ਆਪਣਾ ਨਾਮ ਅਤੇ ਐੱਡਰੈਸ
ਮੋਬਾਇਲ ਨੰ: 09814053630
ਉੱਤੇ ਐਸ. ਐੱਮ. ਐਸ. ਕਰੋ ਜੀ

# ਅੰਮ੍ਰਿਤ ਕੀਰਤਨ

# 422, ਸੈਕਟਰ 15-ਏ, ਚੰਡੀਗੜ੍ਹ-160 015
ਮੋਬਾਇਲ : 09814053630
**E-mail : drjagirsingh@gmail.com Website : www.amritkirtan.com**

ਗੋਂਡ ਮਹਲਾ ੪
ਜਬਰਜੰਗ ਸਿੰਘ

| 6 | 7 | 8 | 9 | 10 | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|---|---|---|---|
| ਨ | ਨ | ਪ | - | ਪ | ਧਨ | ਧ | ਨ | - | ਨ | ਸਂ | - | - | - | ਸ |
| ਪ੍ਰੇ | s | ਮ | s | ਲ | ਗੋ | s | ਹ | s | ਰਿ | ਤੀ | s | s | s | ਰ |
| ਧ | - | (ਪ)ਮ | - | ਮ | ਪ | ਪ | ਮਗ | ਰ | ਰ | ਗ | - | ਗ | - | - |
| ਬੇ | s | ਦ | s | ਨ | ਹ | ਰਿ | ਪ੍ਰ | s | ਭੁ | ਜਾ | s | ਨੈ | s | s |
| ਗ | - | ਰ | ਸ | ਸ | ਗ | ਪ | ਨ | - | - | ਸਂ | - | - | - | ਸਂ |
| ਅੰ | s | ਤ | s | ਰ | ਕੀ | s | s | s | s | ਪੀ | s | s | s | ਹ |
| ਸਂ- | - | ਸਂ | - | ਸਂ | ਧ | ਰੇ | ਰੇ | - | ਰੇ | ਸੇ | ਨ | ਸ | - | - |
| ਕਉ | s | ਮੇ | s | ਰਾ | ਮ | ਨੁ | ਬ | s | ਹੁ | ਤ੍ਰਤ | ਪ | ਤੇ | s | s |
| ਗਂ | - | ਮਂ | - | - | ਗਂ | - | ਰਂ | - | ਸਂਨ | ਸਂ | - | - | - | ਸਂ |
| ਵੀ | s | ਤ | s | s | ਬਿ | s | ਨੁ | s | s | ਨੀ | s | s | s | ਰ |
| ਧ | ਨ | ਪ | - | - | ਗ | ਪ | ਨ | - | - | ਸਂ | - | - | - | ਸਂ |
| ਵੀ | s | ਤ | s | s | ਬਿ | s | ਨੁ | s | s | ਨੀ | s | s | s | ਰ |



# ਸੁਰ ਲਿਪੀ ਵਾਲੇ ਸ਼ਬਦ ਦੇ ਅਰਥ

## ਅੰਗ ੯੬੧

## ਗੋਂਡ ਮਹਲਾ ੪ ॥

Gond, Fourth Mehl:

**ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ ਜਿਉ ਤ੍ਰਿਖਾਵੰਤੁ ਬਿ**

My mind yearns so deeply for the Blessed Vision of the Lord's Dars
man without water. ||1||

**ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ ॥**

My mind is pierced through by the arrow of the Lord's

**ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ ॥੧**

The Lord God knows my anguish, and the pain deep within my m

**ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ ਸੋ ਮੇਰਾ**

Whoever tells me the Stories of my Beloved Lord is my Sibling of
friend. ||2||

**ਮਿਲੁ ਮਿਲੁ ਸਖੀ ਗੁਣ ਕਹੁ ਮੇਰੇ ਪ੍ਰਭ ਕੇ ਲੇ ਸਤਿਗੁਰ ਕੀ ਮਤਿ**

Come, and join together, O my companions; let's sing the Glorious
and follow the comforting advice of the True Guru..

**ਜਨ ਨਾਨਕ ਕੀ ਹਰਿ ਆਸ ਪੁਜਾਵਹੁ ਹਰਿ ਦਰਸਨਿ ਸਾਂਤਿ ਸ**

Please fulfill the hopes of servant Nanak, O Lord; his body finds pe
in the Blessed Vision of the Lord's Darshan. ||4||6

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

ਗੁਰਦੁਆਰਾ ਅਕਾਲੀ ਬਾਬਾ
ਨਵੀਂ ਦਿੱਲੀ 110 060

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ